
Nov 1970
L
S
D
GANJA
charas

# ਸੰਪਾਦਕੀ

## ਇਕ ਸ਼ਲਾਘਾ ਭਰਿਆ ਕੱਦਮ

ਦੱਸ ਨਵੰਬਰ, ੧੯੭੦ ਨੂੰ ਲੁਧਿਆਣੇ ਪੰਜਾਬੀ ਦੇ ਉਘੇ ਨਾਵਲਿਸਟ, ਨਾਨਕ ਸਿੰਘ ਜੀ ਨੂੰ ਅਭੀਨੰਦਨ ਗਰੰਥ ਪੇਸ਼ ਕੀਤਾ ਜਾ ਰਿਹਾ ਹੈ। ਪੰਜਾਬੀ ਸਾਹਿਤ ਦੇ ਖੇਤਰ ਵਿੱਚ ਇਸ ਸੂਚਨਾ ਦੀ ਬੜੀ ਸ਼ਲਾਘਾ ਹੋ ਰਹੀ ਹੈ। ਨਾਨਕ ਸਿੰਘ ਨਾਵਲਿਸਟ ਨੇ ਪੰਜਾਬੀ ਸਾਹਿਤ ਨੂੰ ਆਪਣੀ ਸੁਹਿਰਦ ਕਿਰਤ ਨਾਲ ਜਿਸ ਤਰ੍ਹਾਂ ਸ਼ਿੰਗਾਰਿਆ ਹੈ ਇਹ ਕਿਸੇ ਕਿਸਮ ਦੇ ਪਰਿਚੈ ਦਾ ਮੁਹਤਾਜ ਨਹੀਂ। ਅੱਜ ਇਨ੍ਹਾਂ ਦੀਆਂ ਮਹਾਨ ਰਚਨਾਵਾਂ ਖਾਤਰ ਹੀ ਅਸੀਂ ਦੂਜੀਆਂ ਭਾਸ਼ਾਵਾਂ ਦੇ ਸਾਹਿਤ ਨਾਲ ਆਪਣਾ ਮੱਢਾ ਰਲਾ ਸਕਦੇ ਹਾਂ। ਸਰਦਲ ਡਾਕਟਰ ਮਹਿੰਦਰ ਸਿੰਘ ਰੰਧਾਵਾ, ਉਪ-ਕੁਲਪਤੀ, ਐਗਰੀਕਲਚਰਲ ਯੂਨੀਵਰਸਿਟੀ,ਲੁਧਿਆਣਾ ਅਤੇ ਹੋਰ ਸੁਹਿਰਦ ਵਿਅਕਤੀਆਂ ਨੂੰ ਵਧਾਈ ਦਿੰਦਾ ਹੈ ਜਿਨ੍ਹਾਂ ਇਸੇ ਪਾਸੇ ਧਿਆਨ ਦਿਤਾ ਹੈ ਅਤੇ ਪੰਜਾਬੀ ਦੇ ਮਹਾਨ ਲਿਖਾਰੀ ਦਾ ਸਨਮਾਨ ਕਰਨ ਦਾ ਉਦਮ ਕੀਤਾ ਹੈ।

ਪਰ ਇਕ ਗੱਲ ਇਸ ਵਿਸ਼ੇ ਬਾਰੇ ਮੈਂ ਕਹਿਣੀ ਚਾਹੁੰਦਾ ਹਾਂ ਕਿ ਇਕ ਸਾਹਿਤਕਾਰ ਨੂੰ ਇਸ ਤਰ੍ਹਾਂ ਦਾ ਸਨਮਾਨ ਦੇਣਾ ਇਸ ਉਦਮ ਤੋਂ ਬਾਅਦ ਖਤਮ ਨਹੀਂ ਹੋ ਜਾਣਾ ਚਾਹੀਦਾ ਅਜੇ ਪੰਜਾਬੀ ਦੇ ਕਈ ਮਹਾਨ ਲੇਖਕ ਅਜਿਹੇ ਹਨ ਜਿਨ੍ਹਾਂ ਵੱਲ ਸਾਡਾ ਧਿਆਨ ਨਹੀਂ ਗਿਆ। ਮੇਰੇ ਕਹਿਣ ਦਾ ਮੁਤਲਬ ਇਹ ਨਹੀਂ ਕਿ ਨਾਨਕ ... ਜੀ ਨੂੰ ਇਹ ਸਨਮਾਨ ਦੂਜਿਆਂ ਸਾਹਿਤਕਾਰਾਂ ਦਾ ਹੱਕ ਮਾਰ ਕੇ ਦਿੱਤਾ ਜਾ ਰਿਹੈ। ਬਲਕਿ ਇਹ ਕਹਿਣਾ ... ਠੀਕ ਹੋਵੇਗਾ ਕਿ ਅਸੀਂ ਉਨ੍ਹਾਂ ਨੂੰ ਇਹ ਸਨਮਾਨ ਦੇਰ ਨਾਲ ਦੇ ਰਹੇ ਹਾਂ। ਇਹ ਕੰਮ ...ਲਾਂ ਹੀ ਕਰ ਦੇਣਾ ਚਾਹੀਦਾ ਸੀ ਮੇਰਾ ਇਸ਼ਾਰਾ ਬਾਵਾ ਬਲਵੰਤ ਵਰਗੇ ਸਾਹਿਤਕਾਰਾਂ ਵੱਲ ਹੈ ਜਿਨ੍ਹਾਂ ਨੂੰ ਅਸੀਂ ...ੀ ਤੱਕ ਯੋਗ ਸਨਮਾਨ ਨਹੀਂ ਦੇ ਸਕੇ। ਸਾਨੂੰ ਚਾਹੀਦੈ ਕਿ ਇਸ ਉਦਮ ਤੋਂ ਬਾਅਦ ਅਸੀਂ ਦੂਜੇ ਸਾਹਿਤਕਾਰਾਂ ਨੂੰ ਸਨਮਾਨਣ ਲਈ ਉਪਰਾਲਾ ਕਰੀਏ।

ਇਸ ਸੰਬੰਧ ਵਿੱਚ ਇਕ ਹੋਰ ਸੁਝਾ ਮੈਂ ਇਹ ਵੀ ਦੇਣਾ ਚਾਹੁੰਦਾ ਹਾਂ ਕਿ ਪੰਜਾਬੀ ਸਾਹਿਤ ਦੇ ਉਨ੍ਹਾਂ ਸਾਹਿਤਕਾਰਾਂ ਨੂੰ ਜੋ ਅੱਜ ਸਾਡੇ ਵਿੱਚ ਮੌਜੂਦ ਨਹੀਂ ਅਤੇ ਜਿਨ੍ਹਾਂ ਦੀ ਸੰਤਾਨ ਅੱਜ ਕਰੜੇ ਸਮੇਂ ਦੀ ਚੱਕੀ ਵਿੱਚ ਪਿਸ ਰਹੀ ਹੈ, ਉਨ੍ਹਾਂ ਦੀ ਲੁੜੀਂਦੀ ਸਹਾਇਤਾ ਕਰੀਏ। ਭਾਵੇਂ ਭਾਸ਼ਾ ਵਿਭਾਗ ਇਸ ਪਾਸੇ ਧਿਆਨ ਦੇ ਰਿਹਾ ਪਰ ਉਨ੍ਹਾਂ ਵਲੋਂ ਮਿਲੀ ਸਹਾਇਤਾ ਨਾਂ ਬਰਾਬਰ ਹੀ ਹੁੰਦੀ ਹੈ। ਇਸ ਸੰਬੰਧ ਵਿੱਚ ਪੰਜਾਬੀ ਸਾਹਿਤ ਦੇ ਸੁਹਿਰਦ ਹਿਤੈਸ਼ੀਆਂ ਅਗੇ ਬੇਨਤੀ ਕਰਦਾ ਹਾਂ ਕਿ ਉਹ ਕੋਈ ਅਜਿਹੀ ਸੰਸਥਾਂ ਦੀ ਸਥਾਪਣਾ ਕਰਨ ਜੋ ਅਜਿਹੇ ਸਾਹਿਤਕਾਰਾਂ ਦੇ ਪਰਵਾਰ ਨੂੰ ਯੋਗ ਸਹਾਇਤਾ ਦੇਣ ਦਾ ਬੀੜਾ ਉਠਾਏ। ਇਸ ਪਾਸੇ ਚੁਕਿਆ ਹਰ ਕਦਮ ਤਾਰੀਫ ਦੇ ਕਾਬਲ ਹੋਏਗਾ।

ਇਕ ਵਾਰੀ ਫਿਰ ਮੈਂ ਉਨ੍ਹਾਂ ਸੱਜਣਾ ਨੂੰ ਵਧਾਈ ਦਿੰਦਾ ਹਾਂ ਜੋ ਨਾਨਕ ਸਿੰਘ ਜੀ ਨਾਵਲਿਸਟ ਨੂੰ ਸਨਮਾਨਣ ਲਈ ਇਕ ਉਪਰਾਲਾ ਕਰ ਰਹੇ ਹਨ।

ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਸ੍ਰ: ਹਰਬੰਸ ਸਿੰਘ ਜੌਲੀ ਦੀ ਨਿਗਰਾਨੀ ਹੇਠ ਤੇਜ ਪ੍ਰਿੰਟਿੰਗ ਪ੍ਰੈਸ,
ਕਟੜਾ ਸ਼ੇਰ ਸਿੰਘ, ਅੰਮ੍ਰਿਤਸਰ ਵਿਚ ਛਪਿਆ।

# ਦੋ ਕਵਿਤਾਵਾਂ

ਸੁਖਬੀਰ

## I/ਸੀਖਾਂ ਦੇ ਪਿੱਛੇ

ਥੁਕ ਰਿਹਾ ਹਾਂ ਮੈਂ ਲਹੂ ਰਾਤਾਂ 'ਤੇ ਮੁੜ ਮੁੜ
ਰੰਗ ਪਰ ਨ੍ਹੇਰੇ ਦਾ ਹੈ ਕਾਲੇ ਦਾ ਕਾਲਾ
ਚੁੱਪ ਟੁਟਦੀ ਹੈ ਤਿੜਕਦੀ ਹੈ, ਤੇ ਮੁੜ ਕੇ ਜੰਮ ਜਾਂਦੀ

ਥੁਕਦਾ ਹੋਇਆ ਲਹੂ ਦੇ ਘੁੱਟ ਮੁੜ ਮੁੜ
ਤੇ ਇਹ ਆਪਣੇ ਆਖਰੀ ਸਾਹ ਤੋੜਦਾ ਹੋਇਆ
ਮੈਂ ਅਜੇ ਵੀ ਜੀ ਰਿਹਾ ਹਾਂ ਜ਼ਖ਼ਮ ਚਟਦਾ,
ਦਰਦ ਪੀਂਦਾ, ਸੌਂ ਨਾ ਸਕਦਾ

ਜ਼ੁਲਮ ਦੀ ਦਹਿਸ਼ਤ ਮੇਰੇ ਬਾਹਰ ਤਾਂ ਹੈ
ਜ਼ੁਲਮ ਦੀ ਵਹਿਸ਼ਤ ਮੇਰੇ ਅੰਦਰ ਵੀ ਹੈ
ਖੁੱਭੀਆਂ ਹਨ ਹੋਂਦ ਮੇਰੀ ਵਿਚ ਸੀਖਾਂ
ਤੇ ਸੰਗੀਨਾਂ ਦਾ ਹੈ ਪਹਿਰਾ ਨੀਂਦ ਉਤੇ
ਦਿਲ ਮੇਰਾ ਚਟਦਾ ਕਦੇ ਹੈ ਲਾਟ ਅਗ ਦੀ
ਤੇ ਕਦੇ ਸੂਲੀ 'ਤੇ ਬਹਿੰਦਾ

ਰਾਤ ਹੈ ਇਕ ਲੰਮ-ਸੁਲੰਮੀ
ਨਿਤ ਨਵੀਂ ਜੋ ਰਾਤ ਬਣਦੀ

ਟੁਟ ਗਿਆ ਸੂਰਜ ਹੈ ਇਸ ਇਕ ਰਾਤ ਨਾਲੋਂ
ਇਕ ਮੁੱਦਤ ਤੋਂ ਨਾ ਏਥੇ ਦਿਨ ਚੜ੍ਹਿਅ

ਪਰ ਇਹਨਾਂ ਰਾਤਾਂ 'ਚ ਮੇਰਾ
ਇਕ ਨਿਗੂਣਾ ਜਤਨ ਸੂਰਜ ਬਣਨ ਦਾ ਹਾਲੇ ਵੀ ਬਾਕੀ।

## II/ਸੀਖਾਂ ਦੇ ਬਾਹਰ

ਹੱਥ ਅਜ ਤਲਵਾਰ ਤਕ ਹੈ ਪਹੁੰਚਿਆ
ਹੱਥ ਜਿਸ ਵਿਚ ਬੀਜ ਹਨ, ਤੇ ਭੁਰ ਰਹੀ ਮਿੱਟੀ
ਹੱਥ ਜਿਸ ਵਿਚ ਕਹੀ ਹੈ ਨ੍ਹੇਰੇ ਨੂੰ ਪੁਟਦੀ
ਹੱਥ ਜੋ ਹੈ ਫਾਲ ਹਲ ਦਾ
ਹੱਥ ਇਹ ਸਦੀਆਂ ਤੋਂ ਧਰਤੀ ਨਾਲ ਜੁੜਿਆ
ਕਿਰਤ ਕਰਦਾ
ਤੇ ਫਸਲ ਦਾ ਦਰਦ ਜਿਊਂਦਾ
ਹੱਕ ਦਾ ਨਾਰਾ ਜਦੋਂ ਵੀ ਬਣ ਕੇ ਉਠਿਆ
ਹੱਥ ਇਹ ਵਿੰਨ੍ਹਿਆ ਗਿਆ ਗੋਲੀ ਦੇ ਨਾਲ
ਤੇ ਸੰਗੀਨਾਂ ਖੇਤ ਦਵਾਲੇ ਵਾੜ ਬਣੀਆਂ
ਕਿਰਤ ਲੁੱਟੀ ਗਈ, ਸਰੇਬਾਜ਼ਾਰ ਨੰਗੀ ਹੋਈ ਅਸਮਤ
ਜੇਲ ਦੇ ਨ੍ਹੇਰੇ 'ਚ ਬੈਠਾ
ਹੱਥ ਸੀਖਾਂ ਫੜ ਕੇ ਰੋਇਆ
ਅਜ ਵੀ ਉਹੋ ਕਹਾਣੀ
ਫਰਕ ਬਸ ਏਨਾਂ ਕੁ ਹੈ
ਲੁੱਟ ਗਾਂਧੀਵਾਦ ਦੀ ਹੈ ਗੱਲ ਕਰਦੀ
ਤੇ ਸੰਗੀਨਾਂ ਹਨ ਸੁਦੇਸ਼ੀ
ਹੱਦ ਟਪਦਾ ਹੈ ਜ਼ੁਲਮ ਜਦੋ
ਸਬਰ ਦੀ ਵੀ ਹੱਦ ਹੁੰਦੀ ਹੈ......
ਹੱਥ ਅਜ ਤਲਵਾਰ ਤਕ ਹੈ ਪਹੁੰਚਿਆ
ਜਾਂ ਖੜਾ ਹੈ ਖੇਤ ਦੀ ਵੱਟ 'ਤੇ ਰਫਲ ਫੜਕੇ
ਜਾਂ ਬੰਬਾਂ ਨਾਲ ਗੱਲ ਕਰਦਾ।

✡


ਤੇਜਬੀਰ ਕਸੇਲ
ਦੀ ਲਲਿਤ–ਨਿਬੰਧ ਸ਼ੈਲੀ ਵਿਚ ਲਿਖੀ ਗਈ ਪ੍ਰਥਮ ਪੁਸਤਕ
ਸੁਰ ਮੰਡਲ
ਮੁੱਲ : ੪ ਰੁਪਏ
ਸਾਹਿਤ ਕੇਂਦਰ, ਕਟੜਾ ਸ਼ੇਰ ਸਿੰਘ, ਅੰਮ੍ਰਿਤਸਰ।

# ਬੀਮਾਰ ਪੁਰਸੀ/ਗੁਰਵੇਲ ਪੰਨੂੰ

ਰਾਤ ਦਾ ਇਕ ਵਜ ਗਿਆ ਹੈ। ਸ਼ਾਇਦ ਡੇਢ਼ ਹੀ ਹੋ ਗਿਆ ਹੋਵੇ। ਮਹੇਸ਼ ਬੜਾ ਦੁਖੀ ਹੈ। ਉਸ ਨੂੰ ਨੀਂਦ ਨਹੀਂ ਪੈ ਰਹੀ। ਬਿਸਤਰੇ ਵਿਚ ਪਿਆ-ਉਹ ਪਾਸੇ ਮਾਰ ਰਿਹਾ ਹੈ। "ਪਾਸੇ ਮਾਰ ਰਿਹਾ ਹੈ" ਵੀ ਮੁਹਾਵਰੇ ਦੇ ਤੌਰ 'ਤੇ ਹੀ ਕਹਿਣ ਵਾਲੀ ਗਲ ਹੈ, ਕਿਉਂਕਿ ਅਸਲੀਅਤ ਇਹ ਹੈ ਉਹ ਪਾਸੇ ਮਾਰ ਸਕਣ ਦੇ ਕਾਬਿਲ ਵੀ ਨਹੀਂ ਹੈ। ਲੰਬਰ ਪੰਕਚਰ ਤੇ ਮੇਲੋ-ਗ੍ਰਾਫੀ (ਪਿੱਠ ਵਾਲੇ ਪਾਸਿਉਂ ਰੀੜ੍ਹ ਦੀਆਂ ਹੱਡੀਆਂ ਵਿਚਕਾਰ ਦੀ ਸੂਈ ਅੰਦਰ ਖੋਭ ਦੇ ਕਮਰੇੜੀ-ਥੈਲੀ ਵਿਚੋਂ ਰਸ ਕਢ ਲੈਂਦੇ ਹਨ। ਇਸ ਰਸ ਦੇ ਰਸਾਇਣੀ ਤੱਤਾਂ ਦਾ ਟੈਸਟ ਕਰਕੇ ਲਭਦੇ ਹਨ ਕਿ ਬੀਮਾਰੀ ਕੀਹ ਹੈ। ਇਸ ਰਸ ਕਢਣ ਨੂੰ ਲੰਬਰ ਪੰਕਚਰ ਕਹਿੰਦੇ ਹਨ। ਫਿਰ ਇਸੇ ਸੂਈ ਰਾਹੀਂ ਅੰਦਰ ਇਕ ਰੰਗ ਭੇਜ ਦੇਂਦੇ ਹਨ। ਇਹ ਰੰਗ ਕਮਰੇੜੀ-ਥੈਲੀ ਵਿਚ ਫੈਲ ਜਾਂਦਾ ਹੈ। ਐਕਸਰੇ ਕਰਕੇ ਪਤਾ ਕਰਦੇ ਹਨ ਕਿ ਕਮਰੇੜੀ-ਥੈਲੀ ਵਿਚ ਕਿਤੇ ਵਿੰਗ ਟੇਡ ਤਾਂ ਨਹੀਂ। ਕਿਤੇ ਰਸੌਲੀ ਤਾਂ ਨਹੀਂ—ਇਸ ਅਮਲ ਨੂੰ ਮੇਲੋਗ੍ਰਾਫੀ ਕਿਹਾ ਜਾਂਦਾ ਹੈ) ਮਾੜੇ ਮੋਟੇ ਔਪ੍ਰੇਸ਼ਨ ਵਰਗੇ ਇਸ ਟੈਸਟ ਨੂੰ ਹੋਇਆਂ ਅਜੇ ਭਾਵੇਂ ਚਾਰ ਦਿਨ ਹੋ ਗਏ ਹਨ, ਉਸ ਦੀ ਕਮਰ ਪਥਰ ਹੋਈ ਪਈ ਹੈ। ਹੱਡ ਤੇ ਪੱਠੇ ਆਕੜੇ ਪਏ ਹਨ। ਪਾਸਾ ਲੈਣ ਲਗਿਆਂ, ਮੁੜ ਸਿਧਿਆਂ ਹੋਣ ਲਗਿਆਂ ਬੜੀ ਦਰਦ ਹੁੰਦੀ ਹੈ, ਚੀਸਾਂ ਪੈਂਦੀਆਂ ਹਨ।

ਰਾਤ ਦਾ ਖੌਰੇ ਡੇਢ਼ ਵਜ ਗਿਆ ਹੈ। ਉਸ ਦਾ ਦਿਮਾਗ ਚਕਰਾ ਰਿਹਾ ਹੈ। ਕੀ ਕਰੇ, ਕੀ ਨ ਕਰੇ? ਜਿਸ ਤਰ੍ਹਾਂ ਦੀ ਸ਼ਾਮ ਤੇ ਰਾਤ ਦਾ ਪਹਿਲਾ ਪਹਿਰ ਉਹਦਾ ਗੁਜ਼ਰਿਆ ਹੈ, ਉਸ ਉਹਨੂੰ ਦੁਖੀ ਕਰ ਦਿੱਤਾ ਹੈ। ਇਸ ਸਮੇਂ ਵਿਚ ਹੋਈਆਂ ਘਟਨਾਵਾਂ ਉਸ ਦੇ ਦਿਮਾਗ ਵਿਚ ਉਧੜ-ਧੁਮੀ ਮਚਾ ਰਹੀਆਂ ਹਨ। ਉਹ ਯੁਕਤੀ-ਯੁਕਤ ਹੋਣਾ ਮੰਗਦੀਆਂ ਹਨ, ਥਾਂ ਟਿਕਾਣੇ ਸਿਰ ਕਿਸੇ ਪੈਟਰਨ ਵਿਚ ਫਿਟ ਹੋਣ ਲਈ ਹੱਲਾ-ਗੁੱਲਾ ਕਰ ਰਹੀਆਂ ਹਨ। ਜਦ ਤਕ ਮਹੇਸ਼ ਉਹਨਾਂ ਨੂੰ ਡੀਜ਼ਾਈਨਬਧ ਨਹੀਂ ਕਰ ਲੈਂਦਾ, ਉਹਨਾਂ ਦਾ ਸਹੀ ਚੌਖਟਾ, ਚਿਹਰਾ ਮੋਹਰਾ ਬਣਾ ਨਹੀਂ ਲੈਂਦਾ, ਉਹ ਉਸ ਨੂੰ ਚੈਨ ਨਹੀਂ ਲੈਣ ਦੇਣਗੀਆਂ। ਉਹਨਾਂ ਦੀ ਕਾਵਾਂ-ਰੌਲੀ ਉਸ ਨੂੰ ਸੌਣ ਨਹੀਂ ਦੇਵੇਗੀ।

ਮਸਲਾ ਸਿਰਫ ਇਹੀ ਨਹੀਂ ਕਿ ਇਨ੍ਹਾਂ ਕੋਝੀਆਂ ਘਟਨਾਵਾਂ ਨੂੰ (ਘਟਨਾਵਾਂ ਵੀ ਕਾਹਦੀਆਂ ਹਨ ਵਿਚਾਰੀਆਂ, ਐਵੇਂ ਚੁਤੀਆਪਾ ਹੀ ਹੈ—ਮਹੇਸ਼ ਸੋਚਦਾ ਹੈ) ਕਿਸੇ ਚੌਖਟੇ, ਕਿਸੇ ਤਰਕ ਵਿਚ ਫਿਟ ਕਰ ਲਿਆ ਜਾਵੇ, ਸਗੋਂ ਇਹ ਵੀ ਹੈ ਕਿ ਇਸ ਸਭ ਕਾਸੇ ਦਾ ਕੋਈ ਹਲ ਲਭਿਆ ਜਾਵੇ। ਹਲ ਵੀ ਕੀ ਹੋਣਾ ਹੈ, ਬਸ ਮਨ ਨੂੰ ਰਤਾ ਅਹਿਸਾਸ ਹੋ ਜਾਵੇ, ਕੁਝ ਤਸਲੀ ਹੋ ਜਾਵੇ ਕਿ ਹਲ ਲਭ ਪਿਆ ਹੈ ਤੇ ਮੁੜ ਅਜਿਹੀ ਅਵੱਸਥਾ ਪੈਦਾ ਨਹੀਂ ਹੋਵੇਗੀ। ਮਹੇਸ਼ ਬੜਾ ਹੀ ਅਸ਼ਾਂਤ ਹੈ, ਬੜਾ ਹੀ ਦੁਖੀ ਹੈ। ਉਸ ਨੂੰ ਨੀਂਦ ਨਹੀਂ ਪੈ ਰਹੀ। ਰਾਤ ਦੇ ਖੌਰੇ ਦੋ ਵਜ ਚੁਕੇ ਹਨ।

ਉਸ ਦੀ ਪਤਨੀ ਦੂਜੇ ਕਮਰੇ ਵਿਚ ਬਚੇ ਨੂੰ ਨਾਲ ਲੈ ਕੇ, ਦੇਰ ਹੋਈ, ਪੈ ਚੁਕੀ ਹੈ। ਲਗਦਾ ਦੋਵੇਂ ਸੌਂ ਗਏ ਹਨ। ਵਿਚਾਰੀ ਪਤਨੀ! ਥਕ ਟੁਟ ਕੇ ਚੂਰ ਹੋ ਜਾਂਦੀ ਹੈ। ਜਾਨ ਉਸ ਵਿਚ ਹੈ ਨਹੀਂ। ਕੰਮ ਤੇ ਚਿੰਤਾ ਨੇ ਉਸਨੂੰ ਕਮਜ਼ੋਰ ਕਰ ਦਿੱਤਾ ਹੈ। ਖਿੱਝ ਨੇ ਹੋਰ ਵੀ ਜ਼ਿਆਦਾ ਉਸਨੂੰ ਮਾਨਸਕ ਤੌਰ 'ਤੇ ਥਕਾ ਦਿੱਤਾ ਹੈ। ਉਸ ਦੀ ਬਿਲਕੁਲ ਬਸ ਹੋਈ ਲਗਦੀ ਹੈ। ਸਮਾਂ ਬੜਾ ਜ਼ਾਲਿਮ ਹੈ, ਮਿਹਰਬਾਨ ਦੋਸਤ ਬੜੇ ਨਿਰਦਈ ਹਨ। "ਜੀ, ਮੈਂ ਬਚੂ ਨੂੰ ਰਤਾ ਸੁਲਾ ਆਵਾਂ, ਆ ਕੇ ਕਮਰ ਨੂੰ ਸੇਕ ਦੇਣ ਲਈ ਗਰਮ ਪਾਣੀ ਦੀ ਬੋਤਲ ਦੇਂਦੀ ਹਾਂ। ਨਾਲੇ ਰਤਾ ਨੱਪ ਘੁਟ ਦੇਂਦੀ ਆਂ।"—ਉਸ ਨੇ ਕੁ ਵਜੇ ਕਿਹਾ ਸੀ। ਉਸ ਦੇ ਚਿਹਰੇ 'ਤੇ ਅਤੇ ਖਾਸ ਕਰਕੇ ਅਖਾਂ ਵਿਚ ਅਥਾਹ ਥਕਾਵਟ ਦੇ ਚਿੰਨ੍ਹ ਸਾਫ ਦਿਸ ਰਹੇ ਸਨ। ਉਸ ਦੀ ਆਵਾਜ਼ ਭਾਰੀ ਭਾਰੀ ਤੇ ਉਸ ਢੋਲ ਦੀ ਫਟੀ ਫਟੀ ਆਵਾਜ਼ ਵਰਗੀ ਸੀ ਜਿਸ ਦੇ ਉਤੇ ਕਪੜਾ ਪਾ ਕੇ ਸਹਿਜੇ ਸਹਿਜੇ ਵਜਾਂਦੇ ਹਨ ਜਦ ਕਿਸੇ ਜਰਨੈਲ ਦੀ ਅਰਥੀ ਕਬਰਸਤਾਨ ਨੂੰ ਲੈ ਜਾ ਰਹੇ ਹੋਣ, ਸ਼ਾਨਦਾਰ ਜਨਾਜ਼ੇ ਦੀ ਸ਼ਕਲ ਵਿਚ।

ਮਹੇਸ਼ ਜਾਣ ਗਿਆ ਸੀ ਕਿ ਇਕ ਵਾਰ ਉਹ ਬਿਸਤਰੇ 'ਤੇ ਬਚੇ ਨਾਲ ਡਿਗੀ ਨਹੀਂ ਕਿ ਮੁੜ ਉਸ ਕੋਲੋਂ ਉਠ ਹੀ ਨਹੀਂ ਹੋਣਾ। ਨਿਤਾਣਾ, ਨਿਰਬਲ ਸਰੀਰ, ਥਕਿਆ ਦਿਮਾਗ......ਹਿੰਮਤੋਂ ਵਧ ਕੰਮ ਦੇ ਭਾਰ ਨਾਲ ਟੁਟੀ ਪਈ ਉਹ ਇਸਤਰੀ......ਉਸ ਨੂੰ ਬਿਸਤਰੇ ਤੇ ਪੈਂਦਿਆਂ ਹੀ ਨੀਂਦ ਨੇ ਢਾਹ ਕਢਣਾ ਹੈ—ਤੇ ਮਾੜੇ ਪਹਿਲਵਾਨ ਵਾਂਗ ਉਸ ਹੇਠਾਂ ਪਈ, ਉਥੇ ਹੀ ਸਾਹ ਕਢਦੀ ਕਢਦੀ ਨੇ, ਰਤਾ ਦਮ ਲੈਣ ਦੇ ਬਹਾਨੇ, ਆਰਾਮ ਕਰਨ ਦਾ ਮਨ ਬਣਾ ਲੈਣਾ ਹੈ ਤੇ ਸਵੇਰ ਤਕ ਇਸ "ਪਹਿਲਵਾਨ" ਨੇ ਉਥੇ ਹੀ ਨੀਂਦ ਦੇ ਭਾਰ ਹੇਠ ਨੱਪੇ ਰਹਿਣਾ ਹੈ। ਮਹੇਸ਼ ਇਹ ਗਲ ਜਾਣਦਾ ਸੀ। ਉਸ ਨੂੰ ਪਤਨੀ ਉਤੇ ਉਸ ਵੇਲੇ ਬੜਾ ਤਰਸ ਆ ਰਿਹਾ ਸੀ। ਵਿਚਾਰੀ ਨਿਰਬਲ ਪਤਨੀ! ਕੰਮ ਦੇ ਬੋਝ ਹੇਠ ਪਿੱਸੀ ਭਾਗਵਾਨ! ਮਹੇਸ਼ ਵਿਚ ਹਿੰਮਤ ਹੁੰਦੀ ਤਾਂ ਉਹ ਆਪ ਉਠ ਕੇ ਉਸ ਦੇ ਕਮਰੇ ਵਿਚ ਜਾਂਦਾ, ਉਸ ਨੂੰ ਪਿਆਰ ਨਾਲ ਸੁਆ ਦੇਂਦਾ। ਖੌਰੇ ਆਪ ਵੀ ਉਥੇ ਹੀ ਨਾਲ ਨਿਘਾ ਹੋ ਕੇ ਸੌਂ ਜਾਂਦਾ। ਪਰ ਅਜ ਉਸ ਵਿਚ ਉਠਣ ਦੀ ਹਿੰਮਤ ਨਹੀਂ ਸੀ। ਗਰਮ ਪਾਣੀ ਦੀ ਬੋਤਲ ਨਹੀਂ ਮਿਲ ਸਕੇਗੀ ਉਸ ਨੇ ਉਸ ਤੋਂ ਬਿਨਾ ਹੀ ਗੁਜ਼ਾਰਾ ਕਰ ਲੈਣ ਦਾ ਮਨ ਉਦੋਂ ਹੀ ਬਣਾ ਲਿਆ ਸੀ। "ਐ ਮੇਰੀ ਪਿੱਠ ਦੀ ਦਰਦ! ਤੂੰ ਬੜੀ ਸ਼ਕਤੀਸ਼ਾਲੀ ਹੈਂ। ਮੈਂ ਤੈਨੂੰ ਪ੍ਰਣਾਮ ਕਰਦਾ ਹਾਂ। ਤੂੰ ਬੜੀ ਦਿਆਲੂ ਹੈਂ—ਮੈਂ ਤੇਰਾ ਸਤਿਕਾਰ ਕਰਦਾ ਹਾਂ। ਐ ਪੀੜ ਦੀ ਦੇਵੀ, ਮੈਂ ਤੇਰਾ ਪੁਜਾਰੀ, ਮੈਂ ਗਰਮ ਪਾਣੀ ਦੀ ਬੋਤਲ ਲੈ ਕੇ ਤੇਰੇ ਨਾਲ ਮੱਥਾ ਨਹੀਂ ਲਾਉਣਾ ਚਾਹੁੰਦਾ; ਮੈਂ ਕੋਈ ਉੜ-ਪੋੜ ਕਰਕੇ ਤੇਰੀ ਮਨਸ਼ਾ ਦੇ ਉਲਟ ਕੋਈ ਜਤਨ ਨਹੀਂ ਕਰਨਾ ਚਾਹੁੰਦਾ: ਜਦੋਜਹਿਦ ਤੇ ਘੋਲ ਜਿਹੇ ਸ਼ਬਦ ਉਂਜ ਹੀ ਮੇਰੇ ਸੁਭਾ ਦੇ ਸ਼ਬਦ-ਕੋਸ਼ ਵਿਚ ਨਹੀਂ ਹਨ। ਐ ਪੀੜ ਦੀ ਮਹਾਨ ਦੇਵੀ! ਤੈਨੂੰ ਨਮਸਕਾਰ! ਮੈਂ ਤੇਰੇ ਅੱਗੇ ਗੋਡੇ ਟੇਕਦਾ ਹਾਂ, ਡੰਡੌਤ ਕਰਦਾ ਹਾਂ, ਮਿਹਰ ਦੀ ਨਜ਼ਰ ਰੱਖ ਮੈਂ ਤੇਰਾ ਅਦਨਾ ਜਿਹਾ ਸੇਵਕ ਹਾਂ......" ਇਸ ਤਰ੍ਹਾਂ ਦੀ ਅਰਦਾਸ ਮਹੇਸ਼ ਨੇ ਪੀੜ ਦੀ ਦੇਵੀ ਅਗੇ ਕੀਤੀ ਸੀ। ਪੀੜ ਦੀ ਦੇਵੀ ਰਤਾ ਪਸੀਜ ਗਈ ਲਗਦੀ ਸੀ। (ਮਹੇਸ਼ ਆਪਣੀ ਉਮਰ ਵਿਚ ਹਾਲੀ ਤਕ ਅਜਿਹੀ ਦੇਵੀ ਨੂੰ ਨਹੀਂ ਸੀ ਮਿਲਿਆ ਜਿਹੜੀ ਪਸੀਜੀ ਨਾ ਹੋਵੇ, ਕੋਈ ਅਰਦਾਸ ਨਾਲ ਤੇ ਕੋਈ ਪ੍ਰਸ਼ਾਦ ਨਾਲ। (ਇਥੇ ਪ੍ਰਸ਼ਾਦ ਦਾ ਮਤਲਬ ਰਿਸ਼ਵਤ ਹੈ ਅਤੇ ਅਰਦਾਸ ਦਾ, ਮਖਣ ਲਗਾਉਣਾ, ਮੇਰੇ ਅਜ਼ੀਜ਼ ਪਾਠਕੋ......)

ਮਹੇਸ਼ ਜਾਣਦਾ ਹੈ ਪਤਨੀ ਨੇ ਉਸ ਨੂੰ ਸੇਕ ਦੇਣ ਲਈ ਗਰਮ ਪਾਣੀ ਦੀ ਬੋਤਲ ਜ਼ਰੂਰ ਦੇਣੀ ਸੀ ਜੇਕਰ...। ਮਹੇਸ਼ ਇਹ ਵੀ ਜਾਣਦਾ ਹੈ ਕਿ ਪਤਨੀ ਨੇ ਬਚੇ ਨੂੰ ਸੁਆ ਕੇ ਉਸ ਦੇ ਕੋਲ ਉਸ ਦੇ ਪਲੰਘ 'ਤੇ ਜ਼ਰੂਰ ਆ ਜਾਣਾ ਸੀ—ਜੇਕਰ.....। (ਪਤਨੀ ਦੇ ਹੱਥਾਂ ਨੇ ਉਸ ਦੇ ਪਿੰਡੇ 'ਤੇ, ਲੱਤਾਂ ਬਾਹਾਂ 'ਤੇ ਫਿਰਨਾ ਸੀ ਤੇ ਸਾਰੀ ਦਰਦ ਨੇ ਸਾਰੀ ਥਕਾਵਟ ਨੂੰ ਚੁੰਬਕ-ਪੱਥਰ ਵਾਂਗ ਚੂਣ ਲੈਣਾ ਸੀ—ਜੇਕਰ......। (ਪਤਨੀ ਦੇ ਹੱਥਾਂ ਦੇ ਇਸ ਗੁਣ ਤੇ ਚਮਤਕਾਰ ਨੂੰ ਤੁਸੀਂ ਭਲੀ ਭਾਂਤ ਜਾਣਦੇ ਹੋ, ਮੇਰੇ ਅਜ਼ੀਜ਼ ਪਾਠਕੋ) ਬਸ, ਮਜ਼ਾ ਹੀ ਆ ਜਾਣਾ ਸੀ, ਹਸਪਤਾਲੋਂ ਅਠਵੇਂ ਦਿਨ ਆਪਣੇ ਘਰ ਵਾਪਸ ਆਉਣੇ ਦਾ ਜੇਕਰ......। ਇਹ 'ਜੇਕਰ' ਜ਼ਿੰਦਗੀ ਦੀ ਬੜੀ ਵਡੀ ਚੀਜ਼ ਹੈ, ਨਿਹਾਇਤ ਕੁੱਤੀ ਸ਼ੈਅ ਬਣੀ ਬਣਾਈ ਗਲ ਜੇਕਰ 'ਤੇ ਆ ਕੇ ਠੁੱਸ ਹੋ ਜਾਂਦੀ ਹੈ। ਸਭ ਕੁਝ ਠੀਕ ਤੇ ਸੁਖਾਵਾਂ ਹੋ ਜਾਣਾ ਸੀ, ਹੁਣ ਤਕ ਮਹੇਸ਼ ਨੇ ਪਤਨੀ ਦੀਆਂ ਬਾਹਵਾਂ ਵਿਚ, ਉਸ ਦੇ ਨਿੱਘ ਵਿਚ ਮਸਤ ਹੋ ਕੇ ਘੂਕ ਸੌਂ ਜਾਣਾ ਸੀ, ਜੇਕਰ......। ਜੇਕਰ ਰਾਤ ਦੇ ਪਹਿਲੇ ਪਹਿਰ ਵਾਲਾ ਚੁਤੀਆਪਾ ਨਾ ਹੋਇਆ ਹੁੰਦਾ।

ਦੁਪਹਿਰੇ ਉਹ ਹਸਪਤਾਲੋਂ ਘਰ ਵਾਪਸ ਆ ਗਿਆ ਸੀ। "ਹੋਮ......ਸਵੀਟ ਹੋਮ!" ਦਰਦ ਬੜੀ ਸੀ, ਰੋਗੀ ਦੀ ਹਾਲਤ ਉਤਮ ਨਹੀਂ ਸੀ......ਪਰ ਉਹ ਆਪਣੇ ਘਰ ਆ ਗਿਆ ਸੀ। ਸਾਂਭ ਸੂਤ ਕੇ ਉਚੇਚੇ ਧਿਆਨ ਨਾਲ ਉਸ ਨੂੰ ਉਸ ਦੇ ਕਮਰੇ ਵਿਚ ਬਿਸਤਰੇ 'ਤੇ ਲਿਟਾ ਦਿੱਤਾ ਗਿਆ ਸੀ। ਜੋ ਟਹਿਲ ਸੇਵਾ ਸੰਭਵ ਸੀ, ਕਰ ਦਿੱਤੀ ਗਈ ਸੀ। ਸ਼ਾਮ ਤਕ ਉਹ ਸੁਖੀ ਸੀ, ਆਪਣੇ ਘਰ ਵਾਪਸ ਪਰਤਣ ਦੇ ਅਨੰਦ ਦੇ ਸੁਆਦ ਨੂੰ ਮਾਣ ਰਿਹਾ ਸੀ। ਸ਼ਾਮੀਂ ਉਸ ਦੀ ਇਕ ਸਹੇਲੀ ਆਈ ਸੀ—ਮਿਠਾਈ ਦਾ ਡੱਬਾ ਲੈ ਕੇ। ਉਹ ਬੜੀ ਪ੍ਰਸੰਨ ਸੀ ਕਿਉਂਕਿ ਮਹੇਸ਼ ਨੂੰ ਇਤਨੀ ਪੜਤਾਲ ਤੇ ਲੰਮੇ ਮੁਆਇਨਿਆਂ ਤੋਂ ਬਾਅਦ ਕੋਈ ਲੰਮੀ ਬੀਮਾਰੀ ਨਹੀਂ

ਸੀ ਨਿਕਲੀ, ਕਿਉਂਕਿ ਉਹ ਔਪ੍ਰੇਸ਼ਨ ਦੇ ਝਮੇਲੇ ਤੋਂ ਬਚ ਗਿਆ ਸੀ। ਹੁਣ ਮਹੇਸ਼ ਛੇਤੀ ਰਾਜ਼ੀ ਹੋ ਸਕਦਾ ਸੀ, ਕਿਉਂਕਿ ਅਜ ਉਹ ਅਠਵੇਂ ਦਿਨ ਹਸਪਤਾਲੋਂ ਮੁੜ ਵਾਪਸ ਆਪਣੇ ਘਰ, ਆਪਣੇ ਬਾਲ ਬਚੇ ਕੋਲ ਆ ਗਿਆ ਸੀ। ਸਖ਼ੀ ਖੁਸ਼ ਸੀ, ਮਨੋਂ ਪ੍ਰਸੰਨ ਸੀ। ਉਹ ਇਸ ਖੁਸ਼ੀ ਵਿਚ ਮਿਠਾਈ ਲੈ ਆਈ ਸੀ। ਹਰ ਜੀਅ ਦਾ, ਖਬਰ ਸੁਰਤ ਲੈਣ ਆਏ ਦਾ, ਹਰ ਅੜੋਸੀ ਪੜੋਸੀ ਦਾ ਇਸ ਮਿਠਾਈ ਨਾਲ ਮੂੰਹ ਮਿੱਠਾ ਕਰਾਇਆ ਗਿਆ ਸੀ। ਘਰ ਦੀ ਫਿਜ਼ਾ ਟਹਿਕੀ ਟਹਿਕੀ ਲਗਦੀ ਸੀ। ਸਿਰਫ ਮਹੇਸ਼ ਦੀ ਕਮਰ ਵਿਚ ਦਰਦ ਦੀ ਟਹਿਕ-ਮਹਿਕ ਰਤਾ ਵਧ ਗਈ ਸੀ। ਸ਼ਾਇਦ ਹਸਪਤਾਲੋਂ ਘਰ ਆਉਣ ਦੇ ਚਕਰ ਵਿਚ ਹਡੀਆਂ ਅਤੇ ਪਠਿਆਂ 'ਤੇ ਰਤਾ ਵਧੇਰੇ ਭਾਰ ਪਿਆ ਸੀ।

ਸ਼ਾਮੀਂ ਦੋ ਮੁਸਲਮਾਨ ਮਿਤਰ ਆਏ ਸਨ, ਭਰਾਵਾਂ ਤੋਂ ਵਧ ਮਿਤਰ, ਈਦ ਦੀ ਮਿਠਾਈ ਦੇਣ। ਸ਼ਾਇਸਤਾ, ਬਾਅਦਬ, ਸਲੀਕੇ ਵਾਲੇ...ਗਲ ਬਾਤ ਵਿਚ ਠਰ੍ਹਮ, ਨਰ੍ਹਮਾ, ਨਿਫ਼ਾਸਤ, ਮਿਲਾਪੜਾਪਣ—ਪਰ ਪੰਜਾਬੀ ਖੁਰਦਰੇਪਣ ਤੋਂ ਸਾਫ਼ : ਦੋਸਤੀ ਤੇ ਨੇੜਤਾ ਦਾ ਅਹਿਸਾਸ—ਪਰ ਪੰਜਾਬੀ ਖਰਵ੍ਹੇਪਣ ਤੇ ਜਟਪੁਣੇ ਤੋਂ ਪਾਕ......ਈਦ ਦੀ ਮੁਬਾਰਕਬਾਦ ਹੋਈ, ਕੰਮ ਦੀਆਂ ਦੋ ਚਾਰ ਗੱਲਾਂ ਹੋਈਆਂ, ਕਿਸੇ ਕੰਮ ਆ ਸਕਣ ਦੀ ਇੱਛਾ ਦਾ ਇਜ਼ਹਾਰ ਹੋਇਆ... ...ਕੁਝ ਦਿਲ ਬਹਿਲਾਵਾ, ਕੁਝ ਬੀਮਾਰੀ ਨੂੰ ਹੋਲਿਆਂ ਕਰ ਦੇਣ ਵਾਲੀਆਂ ਗੱਲਾਂ......ਤੇ ਪੰਜਾਂ ਸਤਾਂ ਮਿੰਟਾਂ ਬਾਅਦ, "ਮਹੇਸ਼, ਤੂੰ ਹਸਪਤਾਲੋਂ ਆਇਆ ਹੈਂ, ਆਰਾਮ ਦੀ ਵਧੇਰੇ ਲੋੜ ਹੈ—ਅਸੀਂ ਚਲਦੇ ਹਾਂ। ਕਿਸੇ ਸੇਵਾ ਦਾ ਮੌਕਾ ਹੋਵੇ ਤਾਂ ਭਾਬੀ ਜਾਨ ਨੂੰ ਕਹਿਣਾ ਫੋਨ ਕਰ ਦੇਣ। ਅਸੀਂ ਹਾਜ਼ਿਰ ਹੋ ਜਾਵਾਂਗੇ, "ਕਹਿ ਕੇ ਉਹ ਚਲੇ ਗਏ ਸਨ। ਸਖ਼ੀ ਨੇ ਵੀ ਮਿਠਾਈ ਵੰਡ ਲਈ ਸੀ, ਗਲ ਬਾਤ ਕਰ ਲਈ ਸੀ, ਜਿਸ ਬੰਦੇ ਨਾਲ ਅਜ ਕਲ ਉਸ ਦੇ ਮੰਗਨੀ ਵਿਆਹ ਦੀ ਗਲ ਬਾਤ ਚਲ ਰਹੀ ਸੀ। ਉਸ ਬਾਰੇ ਦੋ ਚਾਰ ਚੁਟਕਲੇ ਸੁਣਾ ਲਏ ਸਨ ਤੇ ਹੁਣ ਉਹ ਵੀ ਚਲੀ ਗਈ ਸੀ। ਘਰ ਦੇ ਕੰਮ ਕਾਜ ਵਿਚ ਹਥ ਵਟਾਉਣ ਵਾਲੀ, ਰੋਟੀ ਟੁਕ ਕਰਨ ਵਾਲੀ, ਤੇ ਬੱਚੇ ਦੀ ਸੰਭਾਲ ਕਰਨ ਵਾਲੀ ਨੌਕਰਾਣੀ ਵੀ (ਜਿਸ ਨੂੰ ਮਹੇਸ਼ ਦੇ ਘਰ ਵਿਚ 'ਆਇਆ' ਕਿਹਾ ਜਾਂਦਾ ਸੀ) ਹੁਣ ਤਕ ਆਪਣੇ ਘਰ ਜਾ ਚੁਕੀ ਸੀ। ਪਤੀ ਪਤਨੀ ਨੇ ਰੋਟੀ ਖਾਣੀ ਸੀ, ਬੱਚੇ ਨੂੰ ਲਾਸਟ ਫੀਡ ਦੇਣੀ ਸੀ, ਤੇ ਉਸ ਨੂੰ ਸੁਆਉਣਾ ਸੀ। ਪਤਨੀ ਨੇ ਪਤੀ ਦੀ ਕਮਰ ਨੂੰ ਸੇਕ ਦੇਣ ਵਾਸਤੇ ਗਰਮ ਪਾਣੀ ਦੀ ਬੋਤਲ ਦੇਣੀ ਸੀ. ਉਸ ਦੇ ਸਰੀਰ ਤੇ ਹਥ ਫੇਰ ਕੇ, ਮੂੰਹ ਸਿਰ ਚੁੰਮ ਕੇ ਉਸ ਨੂੰ ਸੁਆਉਣਾ ਸੀ ਤੇ ਫਿਰ ਉਸ ਦੀ ਬਾਂਹ 'ਤੇ ਟਿਕ, ਉਸ ਦੀ ਕੱਛ ਜਿਹੀ ਵਿਚ ਸਿਰ ਵਾੜ ਕੇ ਆਪ ਵੀ ਸੁਖ ਦੀ ਨੀਂਦੇ ਸੌਂ ਜਾਣਾ ਸੀ। ਜੇਕਰ......

ਰਾਤ ਦੇ ਦਸ ਵਜਣ ਵਾਲੇ ਹਨ।

"ਮਹੇਸ਼ ਜੀ, ਜਾਗਦੇ ਹੋ ਪਏ ? ਕੀ ਹਾਲ ਚਾਲ ਹੈ ?" ਇਕ ਸਜਣ ਸੀੜ੍ਹੀਆਂ ਤੋਂ ਹੀ ਬੋਲਦੇ ਚਲੇ ਆ ਰਹੇ ਹਨ। ਧੜੱਮ-ਧੜੱਮ ਸਿੱਧੇ ਕਮਰੇ ਵਿਚ......ਬੋਲੀ ਜਾ ਰਹੇ ਹਨ, ਬੋਲੀ ਜਾ ਰਹੇ ਹਨ......ਮਹੇਸ਼ ਦੇ ਪਲੰਘ ਕੋਲ ਆ ਇਕ ਕੁਰਸੀ ਤੇ ਸੱਜ ਗਏ ਹਨ। ਮੂੰਹ ਉਹਨਾਂ ਦਾ ਬੰਦ ਨਹੀਂ ਹੁੰਦਾ, ਸੱਜਾ ਹੱਥ ਰੁਕਦਾ ਨਹੀਂ। ਜਾਂ ਦਾਹੜੀ ਖੁਰਕਦਾ ਰਹਿੰਦਾ ਹੈ ਤੇ ਜਾਂ ਚੱਡੇ। "ਅੱਛਾ, ਹਸਪਤਾਲੋਂ ਅਜ ਹੀ ਆਏ ਹੋ ? ਮੈਂ ਕਿਹਾ ਹਸਪਤਾਲ ਤਾਂ ਜਾ ਨਹੀਂ ਹੋਣਾ, ਤੁਹਾਡੀ ਮਿਸਿਜ਼ ਨੂੰ ਹੀ ਪੁਛਦਾ ਚਲਾਂ ਕਿ ਸਾਹਿਬ ਦੀ ਹੁਣ ਤਬੀਅਤ ਕੈਸੀ ਹੈ ?"

"ਤੁਹਾਡੇ ਮਿਸਿਜ਼ ਅਜ ਹਸਪਤਾਲ ਸਵੇਰੇ ਆਏ ਸਨ, ਮੈਂ ਦਸਿਆ ਸੀ ਕਿ ਸ਼ਾਇਦ ਅਜ ਦੁਪਹਿਰ ਤਕ ਮੈਨੂੰ ਡਿਸਚਾਰਜ ਕਰ ਦੇਣ।"

"ਅਛਾ, ਮੈਨੂੰ ਨਹੀਂ ਪਤਾ, ਦਰਅਸਲ ਸੁਆਣੀ ਨਾਲ ਮੇਰੀ ਗਲ ਹੀ ਨਹੀਂ ਹੋਈ। ਦਫ਼ਤਰੋਂ ਘਰ ਗਿਆ। ਕਪੜੇ ਵਪੜੇ ਬਦਲੇ। ਘਰ ਮੇਰੀ ਭੈਣ ਤੇ ਉਹਦੇ ਬਚੇ ਆਏ ਹੋਏ ਹਨ। ੩—੪ ਸੁਖ ਨਾਲ ਆਪਣੇ ਹੋਏ, ਭੈਣ ਦੇ ੫—੬ ਵੀ ਵਿਚ ਰਲ ਗਏ। ਘਰ ਵਿਚ ਉਧੜ-ਧੁੰਮੀ ਮਚੀ ਹੋਈ ਹੈ। ਸਭ ਪਾਸੇ ਖਿਲਾਰਾ ਤੇ ਸ਼ੋਰ। ਬੜੀ ਤਬੀਅਤ ਘਬਰਾਈ। ਭਾਗਵਾਨ ਨੂੰ ਮੈਂ ਕੁਝ ਦਸਿਆ ਪੁਛਿਆ ਨਹੀਂ, ਟੈਕਸੀ ਫੜੀ ਤੇ ਸਿਧਾ ਤੁਹਾਡੇ ਵਲ ਆ ਗਿਆ......" ਸਜਣ ਬੋਲੀ ਜਾ ਰਹੇ ਹਨ, ਬੋਲੀ ਜਾ ਰਹੇ ਹਨ। ਮਹੇਸ਼ ਉਹਨਾਂ ਦੀਆਂ ਬੇਮਤਲਬ ਗਲਾਂ 'ਤੇ ਉਤਨਾ ਨਹੀਂ, ਜਿਤਨਾ ਉਹਨਾਂ ਦੇ ਦਾਹੜੀ ਤੇ ਚੱਡੇ ਖੁਰਕਣ 'ਤੇ ਮਨ

ਹੀ ਮਨ ਵਿਚ ਖਿੱਝ ਰਿਹਾ ਹੈ। ਦਾਹੜੀ ਵਿਚ ਭਲਾ ਇਤਨਾ ਫਿਕਸੋ ਕਿਉਂ ਲਾਉਂਦੇ ਹਨ ? ਚਿਟੀ ਚਿਟੀ ਲੇਵੀ, ਵਾਲਾਂ ਵਿਚ ਜੰਮੀ ਰਹਿੰਦੀ ਹੈ, ਖੁਰਕ ਤਾਂ ਹੋਵੇਗੀ ਹੀ। ਫਿਰ ਉਂਗਲਾਂ ਮਾਰਦੇ ਰਹਿੰਦੇ ਹਨ, ਬਰੀਕ ਬਰੀਕ ਸੁਕਾ ਆਟਾ ਕਾਲੇ ਊਨੀ ਸੂਟ 'ਤੇ ਕਿਰਦਾ ਰਹਿੰਦਾ ਹੈ। ਪਤਲੂਨ ਤੰਗ ਪਾਉਂਦੇ ਹਨ, ਤੰਗ ਆਸਣ ਵਾਲੀ। ਘੁਟਣ ਨੂੰ ਘੱਟ ਕਰਨ ਲਈ ਹਰ ਵੇਲੇ ਹਥ ਕੁਥਾਂਅ ਤੇ ਮਾਰਦੇ ਰਹਿੰਦੇ ਹਨ। ਕਿਉਂ ਨਹੀਂ ਇਹਨਾਂ ਨੂੰ ਇਹਨਾਂ ਦੀ ਪਤਨੀ ਇਹਨਾਂ ਹਰਕਤਾਂ ਤੋਂ ਟੋਕਦੀ ? ਕਿਤਨੀ ਗੰਦੀ ਤੇ ਕੋਝੀ ਆਦਤ ਹੈ—

ਇਹ ਸੱਜਣ ਅਕਾਲੀ ਹਨ। ਜਨਸੰਘੀ, ਲੀਗੀ; ਕਮਿਊਨਿਸਟ ਜਾਂ ਨਿਹੰਗ ਹੁੰਦੇ ਤਾਂ ਕੀ ਫ਼ਰਕ ਪੈਣਾ ਸੀ। ਗੱਲਾਂ ਓਹੀ ਰਹਿੰਦੀਆਂ, ਸਮਝ ਦਾ ਪਧਰ ਓਹੀ, ਆਦਤਾਂ ਓਹੀ। ਹੁਣ ਦਾਹੜੀ ਵਿਚ ਅਕਾਲੀ ਉਂਗਲੀ ਮਾਰਦੇ ਹਨ, ਫਿਰ ਮਾਰਕਸੀ ਉਂਗਲੀ ਨਾਲ ਦਾਹੜੀ ਖੁਰਕਦੇ। ਹੁਣ ਕੜਾਹ ਵਾਲੇ ਹੱਥ ਨਾਲ ਚੁੱਡੇ ਖੁਰਕਦੇ ਹਨ, ਫਿਰ ਹਥੌੜੇ ਵਾਲੇ ਹਥ ਨਾਲ ਪਤਾਲੂ ਬੋਚਦੇ ਫਿਰਦੇ। ਹੁਣ ਦਾਹੜੀ ਦੀ ਧਲਨਾ ਕਰਦੇ ਹਨ, ਫਿਰ ਤਿਲਕ ਦੀ ਸੰਭਾਲ ਵਿਚ ਲਗੇ ਰਹਿੰਦੇ। ਨਿਹੰਗ ਹੁੰਦੇ ਤਾਂ ਖੰਡਾ ਮਾਂਜਦੇ ਰਹਿੰਦੇ, ਲੀਗੀ ਹੁੰਦੇ ਤਾਂ ਵੱਟਾ ਲਭਦੇ ਫਿਰਦੇ ਕਿ ਮੂਤ ਕਰਕੇ ...ਇਹ ਬੰਦੇ ਨਹੀਂ ਹਨ, ਇਸ ਲਈ ਏਨਾ ਕੁਝ ਹੋਰ ਜ਼ਰੂਰ ਹੋਣਾ ਸੀ—ਅਕਾਲੀ, ਲੀਗੀ, ਜਨਸੰਘੀ, ਕਮਿਊਨਿਸਟ, ਨਿਰੰਕਾਰੀ, ਕੂਲਕਾਰੀ, ਫੂਲਕਾਰੀ, ਕੂਤਕਾਰੀ......

ਭਾਰਤ ਦੀ ਸਿਆਸਤ ਵਿਚ ਵੀ ਅਜਿਹੇ ਲੋਕ ਅਜ ਕਲ ਚੱਡੇ ਖੁਰਕ ਰਹੇ ਹਨ—ਮਹੇਸ਼ ਸੋਚਦਾ ਹੈ—ਆਪਣੀ ਆਪਣੀ ਪਾਰਟੀ ਦੇ, ਲੀਡਰਾਂ ਦੇ, ਮੁਖਾਲਿਫ਼ ਪਾਰਟੀਆਂ ਦੇ, ਇਥੋਂ ਤਕ ਜਨਤਾ ਦੇ ਵੀ। ਇਸ ਚੱਡੇ ਖੁਰਕਣ ਵਿਚ ਮਜ਼ਾ ਹੈ, ਦਾਲ ਰੋਟੀ ਹੈ—(ਸਗੋਂ ਪਿਲਾਓ ਮੁਰਗ਼ਾ ਹੈ) ਜ਼ਿੰਦਗੀ ਹੈ। (ਇਸ ਅਮਲ ਨੂੰ ਸਰਕਾਰੀ ਹਲਕਿਆਂ ਵਿਚ, ਮੇਰੇ ਅਜ਼ੀਜ਼ ਪਾਠਕੋ; ਟੀ. ਸੀ. ਕਰਨਾ ਕਹਿੰਦੇ ਹਨ—ਪਰ ਇਹ ਵਰਨਣ-ਵਿਧੀ ਠੀਕ ਨਹੀਂ ਹੈ। ਹਿੰਦੁਸਤਾਨੀ ਚੀਜ਼ ਨੂੰ ਅੰਗਰੇਜ਼ੀ ਰੂਪ ਦੇ ਕੇ ਏਵੇਂ ਕਰੂਪ ਕਰਨ ਵਾਲੀ ਗਲ ਹੈ। ਉਂਜ ਹੀ ਜਿਵੇਂ ਤੇਗ਼ ਬਹਾਦਰ ਕਾਲਜ ਨੂੰ ਟੀ. ਬੀ. ਕਾਲਜ ਕਹਿਣਾ) ਇਹ ਚੱਡੇ ਅਜਕਲ ਵਖ ਵਖ ਸ਼ਬਦ ਪ੍ਰਣਾਲੀਆਂ ਵਿਚ ਖੁਰਕੇ ਜਾ ਰਹੇ ਹਨ। ਕਿਤੇ ਸ਼ਬਦ ਪ੍ਰਣਾਲੀ ਬਿਲਕੁਲ ਪੰਥਕ ਹੈ ਤੇ ਕਿਤੇ ਸਮਾਜਵਾਦੀ, ਕਿਤੇ ਰਾਸ਼ਟਰੀ ਹੈ ਤੇ ਕਿਤੇ ਸਨਾਤਨੀ।

ਉਂਝ ਇਹ ਸੱਜਣ ਕਿਸੇ ਜਾਪਾਨੀ ਕੰਪਨੀ ਵਿਚ ਟੈਕਨੀਕਲ ਸੇਲਜ਼ਮੈਨ ਦੀ ਨੌਕਰੀ 'ਤੇ ਹਨ। "ਕੰਪਨੀ ਦਾ ਇਕ ਅਫ਼ਸਰ ਆ ਗਿਆ—ਦੁਪਹਿਰੇ ਦੇ ਖਾਣੇ ਨਾਲ ਉਸ ਦਾ ਵਿਸਕੀ ਪੀਣ ਦਾ ਮਨ ਸੀ। ਮੈਂ ਉਸ ਨੂੰ ਹੋਟਲ ਵਿਚ ਲੈ ਗਿਆ। ਹੋਰ ਉਸ ਵੇਲੇ ਵਿਸਕੀ ਕਿਥੇ ਮਿਲਣੀ ਸੀ ? ਬਈ, ਮਹੇਸ਼ ਦਿਨੇ ਪੀਣ ਨਾਲ ਬੜੀ ਸੁਸਤੀ ਪੈਂਦੀ ਹੈ। ਬੜੇ ਔਖੇ ਹੋਈਦਾ ਹੈ। ਅਜ ਮਸਾਂ ਹੀ ਸ਼ਾਮ ਕੱਟੀ ਹੈ...।" ਉਹ ਬੋਲੀ ਜਾ ਰਹੇ ਹਨ। ਗੱਲ 'ਚੋਂ ਗੱਲ ਕਢਦੇ, ਗਲਾਂ ਨੂੰ ਮੋੜਦੇ ਭੰਨਦੇ, ਵਿਸ਼ਿਆਂ ਨੂੰ ਬਦਲਦੇ, ਮਿਧਦੇ, ਪੈਰਾਂ 'ਚ ਰੋਲਦੇ ਉਹ ਵਾਹੋ ਦਾਹੀ ਬੋਲੀ ਜਾ ਰਹੇ ਹਨ। ਤੁਣਕਾ ਵਾਰ ਵਾਰ ਉਥੇ ਹੀ ਆ ਕੇ ਟੁਟਦਾ ਹੈ, ਵਿਸਕੀ 'ਤੇ। "ਲਓ ਮਹੇਸ਼ ਸਾਹਿਬ, ਤੁਸੀਂ ਰਾਜ਼ੀ ਹੋ ਜਾਉ, ਨਵੇਂ ਸਾਲ ਦੀ ਸ਼ਾਮ ਤੁਹਾਡੇ ਨਾਲ ਬਿਤਾਈਏ, ਰਤਾ ਵਿਸਕੀ ਦੇ ਚਾਰ ਹਥ ਤੁਹਾਡੇ ਨਾਲ ਕਰੀਏ।"

ਮਹੇਸ਼ ਜਾਣਦਾ ਹੈ, ਦਾਣਾ ਸੁੱਟ ਰਹੇ ਹਨ। ਵਿਸਕੀ ਦੇ ਟੁੱਟੇ ਹੋਏ ਹਨ, ਸ਼ਾਮੀਂ ਘਰ ਹੋਣੀ ਨਹੀਂ, ਹੁਣ ਦੁਪਹਿਰ ਦੀ ਪੀਤੀ ਲੱਥ ਚੁਕੀ ਹੈ। ਮਹੇਸ਼ ਨੂੰ ਤਰਸ ਆ ਗਿਆ ਹੈ।

"ਪਾਤਸ਼ਾਹੋ, ਦੁਆਈਆਂ ਦੇ ਅਸਰ ਕਰਕੇ ਮੈਨੂੰ ਤਾਂ ਬੜੀ ਖੁਸ਼ਕੀ ਚੜ੍ਹੀ ਹੋਈ ਹੈ। ਤੁਹਾਡਾ ਸਾਥ ਨਹੀਂ ਦੇ ਸਕਦਾ। ਪਰ ਤੁਸੀਂ ਤਾਂ ਤੰਦਰੁਸਤ ਹੋ, ਅਨੰਦ ਤੋਂ ਕਿਉਂ ਵਾਂਝੇ ਰਹੋ। ਅਹੁ ਅਲਮਾਰੀ ਵਿਚੋਂ ਅਧੀਆ ਕਢ ਲਓ, ਫਰਿਜ਼ ਵਿਚ ਵੇਖੋ ਸੋਡਾ ਹੈ—ਮਾਰ ਦਓ ਦੋ ਚਾਰ ਪੈਗ।"

"ਨਹੀ, ਨਹੀਂ, ਤੁਸੀਂ ਰਾਜ਼ੀ ਹੋ ਲਓ, ਫਿਰ।" ਅੱਖਾਂ ਉਹਨਾਂ ਰਤਾ ਪੁੱਟ ਲਈਆਂ ਹਨ। ਹੁਣ ਉਹ ਕਾਫ਼ੀ ਸੁਰਤ ਵਿਚ ਆ ਗਏ ਲਗਦੇ ਹਨ। ਦਾਹੜੀ ਦੀ ਖੁਰਕ ਰੁਕ ਗਈ ਹੈ, ਸਿਰਫ ਚੱਡਿਆਂ ਵਿਚ ਪਤਲੂਨ ਦੇ ਤੰਗ ਆਸਣ ਦੀ ਘੁਟਣ ਬਾਕੀ ਹੈ।

''ਨਹੀਂ', ਕੋਈ ਐਸੀ ਗਲ ਨਹੀਂ । ਤੁਸੀਂ ਪੀਓ—ਘਰ ਵਾਲੀ ਗਲ ਹੈ ।''

ਸੱਜਣ ਪੀ ਰਹੇ ਹਨ, ਪਿਛਲੇ ਡੇਢ ਘੰਟੇ ਤੋਂ ਪੀ ਰਹੇ ਹਨ। ਗਲਾਂ ਵਿਚ ਚਮਕ ਆ ਗਈ ਹੈ । ਹੁਣ ਉਹ ਅਕਾਲੀ ਸਿਆਸਤ ਬਾਰੇ ਬੋਲਦੇ ਬੋਲਦੇ ਸ਼ਬਦਾਵਲੀ ਮਾਰਕਸੀ, ਸਨਾਤਨੀ, ਲੀਗੀ, ਰਾਸ਼ਟਰੀ ਰਲਾ ਮਿਲਾ ਕੇ ਵਰਤੀ ਜਾ ਰਹੇ ਹਨ । ਰਾਜਸੀ ਪਾਰਟੀਆਂ ਦੀ ਸਿਆਸਤ ਨੂੰ ਵੀ ਗੱਡ-ਮੱਡ ਕਰੀ ਜਾ ਰਹੇ ਹਨ; ਬੜੀ ਹੀ ਆਸਾਨੀ ਨਾਲ ਇਕ ਤੋਂ ਦੂਜੀ ਵਿਚ ਤਿਲਕ ਜਾਂਦੇ ਹਨ। ਹੁਣ ਉਹ ਨ ਸਿੱਖ ਹਨ, ਨ ਹਿੰਦੂ ਤੇ ਨ ਮੁਸਲਮਾਨ...... ਗੁਰਬਾਣੀ ਦੀਆਂ ਤੁਕਾਂ ਵੀ ''ਅਵਲ ਅੱਲਾ ਤੇ ਨੂਰ ਉਪਜਿਆ ਕੁਦਰਤ ਦੇ ਸਭ ਬੰਦੇ'' ਤੇ ''ਨਾ ਮੈਂ ਹਿੰਦੂ ਨਾ ਮੈਂ ਮੁਸਲਮ'' ਆਦਿ ਵਰਗੀਆਂ ਹੀ ਬੋਲ ਰਹੇ ਹਨ । ਹੁਣ ਉਹ ਮਿੱਟੀ ਮੁਸਲਮਾਨ ਕੀ ਪੇੜੇ ਪਈ ਕੁਮਿਹਾਰ...'' ਆਦਿ ਭੁਲ ਚੁਕੇ ਹਨ । ਸ਼ਰਾਬ ਨੇ ਉਨ੍ਹਾਂ ਦੇ ਮਨ ਦੀ ਮੈਲ ਧੋ ਦਿਤੀ ਹੈ, ਨਫ਼ਰਤ ਤੇ ਤੁੱਅਸਬ ਦੇ ਜਿਰਮ ਉਹਨੀ ਦੇ ਢਿੱਡ ਵਿਚੋਂ ਮਾਰ ਦਿਤੇ ਹਨ । ''ਸਰਬਤ ਦਾ ਭਲਾ'' ਚਾਹੁੰਦੇ ਇਹ ਸੱਜਣ ਮੇਰੀ ਸਿਹਤ ਦਾ ਇਕ ਹੋਰ ਜਾਮ ਪੀ ਰਹੇ ਹਨ ਤੇ ''ਵਨ ਫਾਰ ਦੀ ਰੋਡ'' ਦਾ ਆਖਰੀ ਜਾਮ ਚੜ੍ਹਾ ਕੇ ਇਹ ਸੱਜਣ ਲੜ-ਖੜਾਂਦੇ, ਪੌੜੀਆਂ ਉਤਰ ਕੇ ਚਲੇ ਗਏ ਹਨ। ਮਹੇਸ਼ ਇਹ ਪੂਰਾ ਡੇਢ ਘੰਟਾ ਪੀੜ ਨਾਲ ਵਿਚ ਵਿਚ ਕਰਾਹੁੰਦਾ ਰਿਹਾ ਹੈ, ਪਰ ਉਸ ਦੀ ਕਰਾਹਟ ''ਸਰਬਤ ਦੇ ਭਲੇ'' ਦੀ ਵਾਰਤਾਲਾਪ ਵਿਚ ਡੁੱਬ ਡੁੱਬ ਜਾਂਦੀ ਰਹੀ ਹੈ। ਅਸਹਿ ਪੀੜ ਦੇ ਚਿੰਨ੍ਹ ਮਹੇਸ਼ ਦੇ ਚਿਹਰੇ ਤੇ ਉਭਰਦੇ ਰਹੇ ਹਨ, ਪਰ ਸ਼ਰਾਬ ਦੇ ਨਸ਼ੇ ਕਾਰਨ ਚੜ੍ਹ ਰਹੀ ਖੁਮਾਰੀ ਵਿਚ ਉਸ ਦੇ ਨਕਸ਼ ਬੜੇ ਹੀ ਮਧਮ ਉਹਨਾਂ ਨੂੰ ਨਜ਼ਰ ਆਉਂਦੇ ਰਹੇ ਹਨ। ਵਿਚਾਰਾ ਮਹੇਸ਼; ਵਿਚਾਰੀ ਉਸਦੀ ਪਤਨੀ ਜਿਹੜੀ ਨਾਲ ਦੇ ਕਮਰੇ ਵਿਚ ਤਸਵੀਰਾਂ ਵਾਲੇ ਰਿਸਾਲੇ ਫੋਲ ਫੋਲ, ਕਿਵੇਂ ਨਾ ਕਿਵੇਂ ਆਪਣੇ ਆਪ ਨੂੰ ਜਾਗਦਿਆਂ ਰਖਣ ਦੀ ਕੋਸ਼ਿਸ਼ ਵਿਚ, ਆਪਣੇ ਆਪ ਨੂੰ ਹੋਰ ਥਕਾਂਦੀ ਹੈ। ਬੀਮਾਰ-ਪਰਸੀ ਕਰਨ ਆਏ ਸੱਜਨਾਂ ਦੇ ਤੁਰ ਜਾਣ ਦੀ ਉਡੀਕ ਵਿਚ ਬੈਠੀ ਰਹੀ ਹੈ ।

ਉਹ ਪੌੜੀਆਂ ਉਤਰੇ ਹਨ ਤਾਂ ਇਕ ਹੋਰ ਹਿੰਦੂ ਸੱਜਣ ਸਣੇ ਆਪਣੀ ਛੈਲ ਮਾਡਰਨ ਪਤਨੀ ਦੇ ਉਪਰ ਆ ਗਏ ਹਨ। ''ਹੈਲੋ, ਮਹੇਸ਼ ਸਾਹਿਬ, ਸੁਣਿਆ ਦੁਸ਼ਮਨਾਂ ਦੀ ਸਿਹਤ ਖਰਾਬ ਹੈ । ਬੜੇ ਦਿਨਾਂ ਦਾ ਆਉਣ ਆਉਣ ਕਰ ਰਹੇ ਸੀ। ਜਾਣਦੇ ਹੋ ਦਿੱਲੀ ਵਿਚ ਸਮਾਂ ਹੀ ਨਹੀਂ ਮਿਲਦਾ। ਸੋਚਿਆ ਅਜ ਸ਼ਾਮੀ ਪਹਿਲਾਂ ਕਲੱਬ ਜਾਵਾਂਗੇ, ਫਿਰ ਤੁਹਾਡੀ ਖਬਰ ਲੈਣ ਜਾਵਾਂਗੇ। ਬੜੇ ਹੀ ਦਿਨ ਹੋ ਗਏ ਸਨ ਕਲੱਬ ਗਿਆਂ। ਪਰ ਉਥੇ ਫੋਨ ਕੀਤਾ ਕਹਿਣ ਲਗੇ ਅਜ ਫਲਾਣਾ ਤਿਉਹਾਰ ਹੈ, ਕਲੱਬ ਵਿਚ ਮਾਮਲਾ ਡਰਾਈ ਹੈ। ਚਲੋ, ਮੈਂ ਕਿਹਾ ਮਹੇਸ਼ ਸਾਹਿਬ ਵਲ ਹੀ ਸਿਧੇ ਚਲਦੇ ਹਾਂ। ਇਕ ਤੀਰ ਨਾਲ ਦੋ ਨਿਸ਼ਾਨੇ ਫੁੰਡਣ ਦਾ, ਤੁਸੀਂ ਜਾਣਦੇ ਈ ਹੋ, ਮੈਂ ਪੁਰਾਣਾ ਆਦੀ ਹੋਇਆ...'' ਕਹਿ ਉਹ ਜ਼ੋਰ ਜ਼ੋਰ ਦੀ ਹੱਸੇ। ਇਸ਼ਾਰਾ ਠੀਕ ਨਿਸ਼ਾਨੇ ਪਿਆ ਹੈ, ਤੀਰ ਸਿਧਾ ਜਿਗਰ ਵਿਚ ਹੀ ਗਿਆ ਹੈ, ਆਰ ਪਾਰ ਨਹੀਂ ਹੋਇਆ। ਮਹੇਸ਼ ਫੁੰਡਿਆ ਗਿਆ ਹੈ।

''ਲਓ, ਉਥੋਂ ਅਲਮਾਰੀ 'ਚੋਂ ਬੋਤਲ ਲੈ ਲਵੋ... ਤੇ ਇਸ ਘਰ ਨੂੰ ਵੈਟ ਕਲੱਬ ਸਮਝ ਲਓ।'' ਮਹੇਸ਼ ਕਹਿੰਦਾ ਹੈ।

ਮਹਾਸ਼ੇ ਵਿਸਕੀ ਪੀ ਰਹੇ ਹਨ। ਕਿਤੇ ਠੇਕੇਦਾਰੀ ਕਰਦੇ ਹਨ; ਸਰਕਾਰੀ ਗੈਰ ਸਰਕਾਰੀ ਇਮਾਰਤਾਂ ਬਣਾਉਂਦੇ ਹਨ। ਗਲਾਂ ਦਿਲਚਸਪ ਕਰਦੇ ਹਨ। ''ਸਮਾਜਵਾਦ ਦੇ ਹੱਕ ਵਿਚ ਤਾਂ ਸੱਜਨ ਅਸੀਂ ਵੀ ਬੜੇ ਹਾਂ, ਪਰ ਦੇਸ਼ ਲਈ ਵੀ ਕੁਝ ਸੋਚਣਾ ਪੈਂਦਾ ਹੈ। ਬਰਾਬਰ ਦਾ ਸਭ ਨੂੰ ਵੰਡੋ। ਠੀਕ ਹੈ, ਅਸੀਂ ਵੀ ਬਰਾਬਰ ਦਾ ਵੰਡਣ ਦੇ ਹਕ ਵਿਚ ਹਾਂ। ਪਰ ਦੇਸ਼ ਵਿਚ ਵੰਡਣ ਲਈ ਹੈ ਹੀ ਕੀ? ਕੀ ਭੁਖ ਨੰਗ ਬਰਾਬਰ ਦੀ ਵੰਡਣਾ ਚਾਹੁੰਦੇ ਹੋ? ਕੁਝ ਪੱਲੇ ਹੋਏਗਾ ਤਾਂ ਹੀ ਵੰਡੋਗੇ। ਕੰਮ ਕਰਨ ਨੂੰ ਇਥੇ ਕੋਈ ਰਾਜ਼ੀ ਨਹੀਂ। ਘੇਰਾਓ ਲਈ ਹਰ ਕੋਈ ਤਿਆਰ। ਮਿਹਨਤ ਨਾਲ ਕੁਝ ਪੈਦਾ ਕਰਨਾ ਕੋਈ ਚਾਹੁੰਦਾ ਨਹੀਂ, ਪਰ ਖੋਹਾ-ਮਾਈ ਕਰਕੇ ਜੋ ਕਿਸੇ ਕੋਲ ਹੈ, ਉਸ ਦਾ ਹਿੱਸੇਦਾਰ ਬਣਨ ਲਈ ਹਰ ਕੋਈ ਐਵਰ-ਰੇਡੀ। ਮੈਂ ਪੁਛਦਾ ਹਾਂ ਇਸ ਦੇਸ਼ ਦਾ ਕੀ ਬਣੇਗਾ? ਦੇਸ਼ ਦਾ ਫਿਕਰ ਕਿਸੇ ਨੂੰ ਹੈ? ਪੈਦਾ-ਵਾਰ ਵਧਾਣ ਵਲ ਕਿਸੇ ਦਾ ਧਿਆਨ ਹੈ? ਮਿਹਨਤ

ਕਰਕੇ ਕੋਈ ਰਾਜ਼ੀ ਨਹੀਂ। ਲਹੂ ਪਸੀਨੇ ਦੀ ਕਮਾਈ ਵਿਚ ਵਿਸ਼ਵਾਸ ਕਿਸੇ ਦਾ ਰਿਹੀਂ। ਬਸ, ਲੁਟਮਾਰ ਕਰ ਲਓ ਖੋਹਾ-ਮਾਈ ਕਰ ਲਓ। ਜੋ ਕਿਸੇ ਹੈ, ਮਾਰ-ਧਾੜ ਕਰਕੇ ਖਾ ਲਓ। ਚਤੇ-ਪਹਿਰ ਧਿਆਨ ਕਾਮਿਆਂ ਦਾ ਮਾਲਕਾਂ ਦੀ ਦੌਲਤ 'ਤੇ ਲਗਾ ਰਹਿੰਦਾ ਹੈ। ਕੀ ਬਣੇਗਾ ਇਸ ਦੇਸ਼ ਦਾ ?

"ਮੰਨਦੇ ਹਾਂ ਟਾਟਿਆਂ ਬਿਰਲਿਆਂ ਕੋਲ ਕਰੋੜਾਂ ਰੁਪਏ ਹਨ। ਪਰ ਲੱਖਾਂ ਲੋਕਾਂ ਨੂੰ ਰੁਜ਼ਗਾਰ ਵੀ ਤਾਂ ਉਹਨਾਂ ਨੇ ਹੀ ਦਿਤਾ ਹੋਇਆ ਹੈ। ਉਹਨਾਂ ਦੇ ਕਾਰਖਾਨੇ ਹੀ ਦਿਨ ਰਾਤ ਦੇਸ਼ ਲਈ ਕਪੜਾ ਲੱਤਾ, ਵਰਤਣ ਵਰਤਾਣ ਦੀਆਂ ਵਸਤਾਂ ਪੈਦਾ ਕਰ ਰਹੇ ਹਨ। ਉਹਨਾਂ ਦੇ ਕਾਰਖਾਣੇ ਖੋਹ ਲਓਗੇ, ਉਹਨਾਂ ਨੂੰ ਚਲਾਏਗਾ ਕੌਣ ? ਤੁਸੀਂ ਚਲਾਓਗੇ ? ਅਗੇ ਪਬਲਿਕ ਸੈਕਟਰ ਵਿਚ ਜੋ ਕੁਝ ਹੈ, ਕੀ ਉਹ ਸਹੀ ਚਲ ਰਿਹਾ ਹੈ ? ਹਰ ਥਾਂ ਘਾਟਾ ਪੈ ਰਿਹਾ ਹੈ। ਹੋਰ ਕੌਮੀਕਰਨ ਕਰੋਗੇ, ਹੋਰ ਜਨਅਤਾਂ ਦਾ ਭੱਠਾ ਬਿਠਾਓਗੇ।

"ਇਥੇ ਤਾਂ, ਸ਼੍ਰੀਮਾਨ ਜੀ, ਕੋਈ ਮਾਈ ਕਾ ਲਾਲ ਜੰਮਣਾ ਚਾਹੀਦਾ ਹੈ। ਹਥ ਵਿਚ ਹੋਵੇ ਉਸ ਦੇ ਡੰਡਾ ਤੇ ਇਸ ਹਰਾਮਖੋਰ ਕੌਮ ਦੇ ਚਿਤੜਾਂ 'ਤੇ ਮਾਰ ਮਾਰ ਲਵੇ ਕੰਮ ਇਹਨਾਂ ਕੋਲੋਂ...ਸ਼ਭ ਨੂੰ ਰਖੇ ਟਿਕਾਣੇ ...ਫਿਰ ਵੇਖੋ, ਦੇਸ਼ ਵਿਚ ਉਪਜ ਵਧਦੀ ਹੈ ਕਿ ਨਹੀਂ। ਗ਼ਰੀਬੀ ਕੰਗਾਲੀ ਦੂਰ ਹੁੰਦੀ ਹੈ ਕਿ ਨਹੀਂ।

"ਗੰਦ ਤਾਂ ਪਾਇਆ ਸਾਰਾ ਇਹਨਾਂ ਦੋ ਕੁ ਹਜ਼ਾਰ ਅਜ ਦੇ ਪੋਲਟੀਸ਼ਨਾਂ ਨੇ...ਇਹੀ ਪੇਸ਼ਾਵਰ ਸਿਆਸੀ ਗੁੰਡੇ ਹਨ, ਇਹੀ ਪਾਰਲੀਮੈਂਟਾਂ ਤੇ ਵਿਧਾਨ ਸਭਾਂਵਾਂ ਦੇ ਮੈਂਬਰ ਬਣਦੇ ਹਨ। ਇਹਨਾਂ 'ਚੋਂ ਜਿਹੜਾ ਚਾਰ ਆਪਣੇ ਪਿਛੇ ਲਾ ਲੈਂਦਾ ਬਣ ਜਾਂਦਾ ਵਜ਼ੀਰ ਤੇ ਬਾਕੀ ਬਣ ਜਾਂਦੇ ਉਸ ਵਜ਼ੀਰ ਦੇ ਥੰਮ੍ਹ। ਤਾਕਤ ਦਾ ਨਸ਼ਾ ਵਜ਼ੀਰ ਨੂੰ ਚੜ੍ਹਦਾ ਤੇ ਲਾਈਸੈਂਸ ਤੇ ਪਰਮਿੰਟ ਮਿਲਦੇ ਇਹਨਾਂ ਥੰਮ੍ਹਾਂ ਨੂੰ, ਖਾਣ ਪੀਣ ਸਭ ਦਾ ਵਧੀਆ ਚਲਦਾ—ਪੁਤਰ ਇਹਨਾਂ ਦੇ ਬਣਾਂਦੇ ਲੱਖਾਂ ਕਰੋੜਾਂ ਤੇ ਸਚੀ ਗਲ ਜੋ ਜਨਤਾ ਰਗੜੀਂਦੀ ਏ ਸੁਕੀ।

"ਕੋਈ ਜੰਮੇ ਮਨਾਈ ਕਾ ਲਾਲ ਤੇ ਇਹਨਾਂ ਦੋ ਕੁ ਹਜ਼ਾਰ ਬੰਦਿਆਂ ਨੂੰ ਫੜ ਕੇ ਕਰੇ ਅੰਦਰ, ਜੇਲ੍ਹਾਂ 'ਚ ਬੰਦ ਤੇ ਜਾਂ ਉਂਝ ਹੀ ਗੋਲੀ..... ਵੇਖੋ, ਸਾਰੇ ਦੇਸ਼ ਵਿਚ ਸ਼ਾਂਤੀ ਹੁੰਦੀ ਕਿ ਨਹੀਂ। ਨਾ ਸਟੇਟਾਂ ਦੀਆਂ ਬਾਉਂਡਰੀਆਂ ਦਾ ਸੁਆਲ ਤੇ ਨਾ ਜ਼ਬਾਨਾਂ ਦਾ ਮਸਲਾ, ਨਾ ਪਾਰਟੀਆਂ ਦੀ ਖਿਚੋਤਾਣ ਤੇ ਨਾ ਹੀ ਇਕ ਇਕ ਪਾਰਟੀ ਦੇ ਅੰਦਰ ਚਾਰ ਚਾਰ ਧੜੇ......ਕਿਆ ਪਿਉ ਵਾਲੀਆਂ ਦੁਕਾਨਾਂ ਸਜਾ ਰਖੀਆਂ ਇਹਨਾਂ : ਜਿਸ ਹਰਾਮੀ ਨੂੰ ਕੋਈ ਕੰਮ ਨਹੀਂ ਮਿਲਦਾ, ਸਿਆਸੀ ਪਾਰਟੀ ਬਣਾ ਲੈਂਦਾ। ਚਾਰ ਗੁੰਡੇ ਨਾਲ ਨਾਲ ਲਈ ਫਿਰਦਾ। ਪੈਸੇ ਧੇਲੇ ਕਿਥੋਂ ਆ ਜਾਂਦੇ......ਦਿਨਾਂ ਵਿਚ ਹੀ ਕਿਸੇ ਨਾ ਕਿਸੇ ਕਮੇਟੀ ਦਾ ਮੈਂਬਰ ਬਣ ਜਾਂਦਾ ਤੇ ਫਿਰ ਐਮ.ਐਲ. ਏ. ਜਾਂ ਐਮ.ਪੀ. ਹੋਣ ਦੇ ਸੁਫਨੇ ਲੈਣ ਲਗ ਪੈਂਦਾ..."

ਵਿਸਕੀ ਪੀਣ ਦੇ ਨਾਲ ਨਾਲ ਇਹਨਾਂ ਮਹਾਸ਼ਿਆਂ ਦੀ ਜ਼ਬਾਨ ਦਾ ਤਾਲਾ ਖੁਲ੍ਹਦਾ ਜਾ ਰਿਹਾ ਹੈ। ਤਾਲਾ ਹੀ ਨਹੀਂ ਖੁਲ੍ਹ ਰਿਹਾ, ਕਪਾੜ ਖੁਲ੍ਹ ਰਹੇ ਹਨ, ਖਿਆਲਾਂ ਦਾ, ਸ਼ਬਦਾਂ ਦਾ ਹੜ੍ਹ ਵਹਿ ਰਿਹਾ ਹੈ। ਕੋਈ ਚੀਜ਼ ਇਸ ਹੜ੍ਹ ਦੇ ਅਗੇ ਖਲੋ ਨਹੀਂ ਸਕਦੀ, ਨਾ ਮਹੇਸ਼ ਦੀ ਪੀੜ ਨਾਲ "ਹਾਏ ਹਾਏ" ਤੇ ਨਾ ਹੀ ਉਸਦੇ ਚਿਹਰੇ 'ਤੇ ਚੀਸ ਨਾਲ ਕਦੀ ਕਦੀ ਪੈਂਦੇ ਵੱਟ। ਇਹ ਹੜ੍ਹ ਨਾ ਹੁੰਗਾਰੇ ਦਾ ਮੁਹਥਾਜ ਹੈ ਤੇ ਨਾ ਦੁਤਰਫੀ ਗਲਬਾਤ ਦਾ। ਰੇਡੀਓ ਇਕ ਪਾਸਿਉਂ ਹੀ ਬੋਲ ਰਿਹਾ ਹੈ। ਤੁਸੀਂ ਰੇਡੀਓ ਨੂੰ ਅਗੋਂ ਜੁਆਬ ਨਹੀਂ ਦੇ ਸਕਦੇ, ਉਸ ਵਿਚੋਂ ਆ ਰਹੀਆਂ ਗੱਲਾਂ ਨੂੰ ਨਾ ਤੁਸੀਂ ਰਦ ਕਰ ਸਕਦੇ ਹੋ, ਨਾ ਉਹਨਾਂ ਨਾਲ ਸਹਿਮਤ ਹੋ ਕੇ ਕੁਝ ਕਹਿ ਸਕਦੇ ਹੋ। ਉਹ ਤੁਹਾਡੇ ਵਲੋਂ ਉਕਾ ਬੇਨਿਆਜ਼ ਹੈ। ਤੁਸੀਂ ਸਰੋਤੇ ਹੋ—ਤੁਹਾਡਾ ਕੰਮ ਹੈ ਸੁਣਦੇ ਜਾਓ। ਕੰਮ ਹੀ ਨਹੀਂ ਫਰਜ਼ ਵੀ ਹੈ। ਤੁਸੀਂ ਰੇਡੀਉ ਦਾ ਗਲਾ ਘੁੱਟ ਸਕਦੇ ਹੋ, ਉਸਨੂੰ ਖ਼ਾਮੋਸ਼ ਕਰਾ ਸਕਦੇ ਹੋ। ਪਰ ਘਰ ਆਏ ਮਿਹਰਬਾਨ ਦੋਸਤ ਦਾ ਤੁਸੀਂ ਗਲਾ ਘੁਟ ਕੇ ਉਸਨੂੰ ਖ਼ਾਮੋਸ਼ ਨਹੀਂ ਕਰਾ ਸਕਦੇ। ਗਲਾ ਘੁਟੋਗੇ ਤਾਂ ਪੁਲੀਸ ਤੁਹਾਨੂੰ ਪਕੜ ਕੇ ਲੈ ਜਾਵੇਗੀ। (ਦੇਸ਼ ਦੀ ਪੁਲਸ ਨੂੰ ਤੁਸੀਂ ਭਲੀ ਭਾਂਤ ਜਾਣਦੇ ਹੀ ਹੋ, ਮੇਰੇ ਅਜ਼ੀਜ਼ ਪਾਠਕੋ)।

ਤੁਸੀਂ ਇਸ ਰੇਡੀਓ ਸਾਹਮਣੇ ਇਸ਼ਾਰਿਆਂ ਦੇ ਦਾਣ ਸੁਟ ਸਕਦੇ ਹੋ ਕਿ ਬਈ, ਬੰਦ ਕਰ ਹੁਣ, ਸਾਡੀ ਬਸ ਹੋ ਗਈ। ਪਰ ਉਹ ਇਸ਼ਾਰਿਆਂ ਨੂੰ ਸਮਝਦਾ ਨਹੀਂ

'ਬੰਦ ਹੋ ਜਾਓ' ਦੇ ਸੰਕੇਤਾਂ ਦੇ ਦਾਣਿਆਂ ਨੂੰ ਚੁਗ ਲੈਂਦਾ ਹੈ। ਤੁਸੀਂ ਬੀਮਾਰ ਹੋ, ਤੁਸੀਂ ਲੰਮੇ ਪਏ ਇਸ ਜ਼ੁਲਮ ਨੂੰ ਸਹਿ ਸਕਦੇ ਹੋ ਤੇ ਸਹਿ ਰਹੇ ਹੋ। ਤੁਸੀਂ ਅਹਿੰਸਾ-ਵਾਦੀ ਜੁ ਹੋਏ।

ਗਲ ਦੇਸ਼ ਦੀ ਹਾਲਤ ਸੁਧਾਰਨ ਤੋਂ ਤਿਲਕ ਕੇ ਹੁਣ ਅਜ ਦੀ ਠੇਕੇਦਾਰੀ 'ਤੇ ਆ ਗਈ ਹੈ। ਠੇਕੇਦਾਰ ਠੇਕੇ ਲੈਣ ਲਈ, ਤੇ ਹਰ ਠੇਕੇ ਚੋਂ ੨—੪ ਸੌ ਫੀ ਸਦੀ ਮੁਨਾਫ਼ਾ ਕਢਣ ਲਈ ਕੀ ਕੀ ਕਰਦੇ ਹਨ, ਰਿਸ਼ਵਤ ਦਾ ਰੋਲ ਤਾਂ ਏਵੇਂ ਮਾਮੂਲੀ ਹੈ, ਵਿਸਕੀ ਤੇ ਲੜਕੀ—ਦੋ ਸਿਕੇ ਵਧੇਰੇ ਪਰਵਾਨ ਹਨ। ਹਰ ਥਾਂ ਕਬੂਲੇ ਜਾਂਦੇ ਹਨ। ਵਿਸਕੀ ਪੀਤੀ ਜਾਂਦੀ ਹੈ, ਲੜਕੀ ਰਾਤ ਕਦਵਾ ਜਾਂਦੀ ਹੈ—ਕੋਈ ਸਬੂਤ ਬਾਕੀ ਨਹੀਂ ਰਹਿੰਦਾ। ਗੌਰਮਿੰਟ ਭਾਵੇਂ ਅੱਡੀ ਚੋਟੀ ਦਾ ਜ਼ੋਰ ਲਾ ਲਵੇ ਕਿਸੇ ਅਫਸਰ ਨੂੰ ਪਕੜ ਥੋੜਾ ਸਕਦੀ ਹੈ। ਜਦ ਸਬੂਤ ਹੀ ਨਹੀਂ, ਕੇਸ ਕਾਹਦਾ ? ਇਹ ਤਾਂ ਏਵੇਂ ਖਾਣਪੀਣ ਹੈ—ਮਿਲ ਕੇ ਬੈਠ ਲਿਆ, ਖਾ ਪੀ ਲਿਆ, ਰਤਾ ਜਸ਼ਨ ਕਰ ਲਿਆ.......

ਇਸ ਸਭ ਕਾਸੇ ਦੇ ਵਿਰੁਧ ਜ਼ਹਿਰ ਉਗਲ ਕੇ ਹੁਣ ਮਹੇਸ਼ ਆਪਣੀਆਂ ਭਵਿਸ਼ ਦੀਆਂ ਸਕੀਮਾਂ ਬਾਰੇ ਵਿਚਾਰ ਪੇਸ਼ ਕਰ ਰਹੇ ਹਨ। "ਜੀ, ਜਦੋਂ ਆਵਾ ਹੀ ਊਤ ਚੁਕਿਆ ਹੈ ਤਾਂ ਅਸੀਂ ਕੀ ਕਰੀਏ ? ਅਸੀਂ ਤਾਂ ਦੇਸ਼ ਦੇ ਕਰਤਾ ਧਰਤਾ ਨਹੀਂ ਹਾਂ ਤੇ ਨਾ ਹੀ ਸਦਾਚਾਰ ਦੇ ਰਖਵਾਲੇ। ਅਸੀਂ ਵੀ ਤਾਂ ਆਪਣੇ ਬਾਲ ਬੱਚੇ ਦਾ ਪੇਟ ਭਰਨਾ ਹੋਇਆ। ਸੁਹਣਾ ਭਰਾਂਗੇ, ਸੁਹਣਾ ਜੀਵਾਂਗੇ—ਕੋਈ ਐਸੀ ਗਲ ਨਹੀਂ। ਜਿਸ ਜ਼ਹਿਰ ਨਾਲ ਕੋਈ ਮਰਦਾ ਹੈ, ਉਹੀ ਵਰਤਾਂਗੇ। ਅਸੀਂ ਸਮਾਜਵਾਦ ਦਾ ਮੂੰਹ ਚਟਣੈ ? ਜਿਹੜਾ ਸਿੱਕਾ ਸੁਸਾਇਟੀ ਵਿਚ ਚਲੇਗਾ, ਉਹੀ ਚਲਾਵਾਂਗੇ। ਹਣ ਦੋ ਤਿੰਨ ਕੰਮ ਹਥ ਵਿਚ ਆਉਣ ਵਾਲੇ ਹਨ—ਰੱਬ ਚਾਹਿਆ, ਇਕੱਠਾ ਹੀ ਚੰਗਾ ਗੱਫਾ ਹਥ ਲਗ ਜਾਵੇਗਾ। ਬੋਤਲਾਂ ਦੇ ਕਰੇਟ ਹੀ ਖਰੀਦ ਲਏ ਹਨ........ਤੇ (ਅੱਖ ਮੀਚ ਕੇ) ਬਾਕੀ ਮਾਲ ਤਾਂ ਜਿਦਣ ਲੋੜ ਹੋਵੇ ਸੌ ਰੁਪੈ ਰਾਤ ਤੇ ਹਰ ਪਰਕਾਰ ਦਾ ਮਿਲ ਜਾਂਦਾ, ਉਸ ਵਿਚ ਕੋਈ ਦਿੱਕਤ ਨਹੀਂ......"

ਉਹਨਾਂ ਦੀ ਸੁੰਦਰ ਮਾਡਰਨ ਪਤਨੀ ਇਸ ਗਲ 'ਤੇ ਰਤਾ ਕੁ ਸ਼ਰਮਾਈ ਹੈ, ਪਰ ਟਹਿਕੀ ਹੈ। ਲਗਦਾ ਹੈ ਚੰਗੇ ਗਫੇ ਨੂੰ ਹਥ ਮਾਰ ਲੈਣ ਦੀ ਕੋਸ਼ਿਸ਼ ਵਿਚ ਉਹ ਆਪਣੇ ਪਤੀ ਦੇ ਅੰਗ ਸੰਗ ਹੈ। ਪਤੀਬ੍ਰਤਾ ਭਾਰਤੀ ਨਾਰੀ ਰਾਜੇ ਹਰੀਸ਼ ਚੰਦਰ ਨਾਲ ਦਰਬਦਰ ਦੀਆਂ ਠੋਕਰਾਂ ਖਾਣ ਲਈ ਤਿਆਰ ਹੈ। ਲੋੜ ਪੈਣ 'ਤੇ ਉਸ ਲਈ ਵਿਕ ਜਾਣ ਲਈ ਵੀ ਤਿਆਰ ਹੈ। ਸਗੋਂ ਵਿਕ ਜਾਣ ਲਈ ਉਸ ਦੀ ਰੂਹ ਤੜਫ ਰਹੀ ਹੈ !

ਰਾਤ ਦਾ ਦੂਜਾ ਪਹਿਰ ਵੀ ਖ਼ਤਮ ਹੋ ਗਿਆ ਹੈ। ਸਮਾਂ ਇਕ ਤੋਂ ਉਪਰ ਹੋ ਗਿਆ ਹੈ। ਨਸ਼ੇ ਦਾ ਹੁਲਾਰਾ ਹਣ ਜ਼ੋਰਾਂ 'ਤੇ ਹੈ। ਜ਼ਬਾਨ ਵਿਚ ਰਤਾ ਥਰਥਰਾਹਟ ਆ ਗਈ ਹੈ। ਪੇਟ ਵਿਸਕੀ ਸੋਡੇ ਨਾਲ ਕੱਸਿਆ ਢੋਲ ਬਣ ਚੁਕਿਆ ਹੈ। ਪਤਨੀ ਮੁਸਕਰਾ ਮੁਸਕਰਾ ਥੱਕ ਚੁਕੀ ਹੈ। (ਆਖ਼ਰ ਕੋਈ ਭਲਾ ਕਿੰਨੀ ਕੁ ਦੇਰ ਸਿਰਫ਼ ਮੁਸਕਰਾਣ ਦਾ ਕੰਮ ਹੀ ਕਰਦਾ ਰਹਿ ਸਕਦਾ ਹੈ ?) ਹੁਣ ਜਾਣ ਦੀ ਤਿਆਰੀ ਹੈ, ਵਿਦੈਗੀ ਲਈ ਜਾ ਰਹੀ ਹੈ। "ਬੜਾ ਆਨੰਦ ਆਇਆ, ਮਹੇਸ਼ ਸਾਹਿਬ। ਹੁਣ ਰਤਾ ਛੇਤੀ ਰਾਜ਼ੀ ਹੋ ਜਾਵੋ—ਗੁਡ ਨਾਈਟ" ਜੋੜਾ ਪੌੜੀਆਂ ਉਤਰ ਗਿਆ।

ਮਹੇਸ਼ ਨੇ ਦੋ ਚਾਰ ਮਿੰਟ ਉਡੀਕਿਆ ਹੈ। ਨਾਲ ਦੇ ਕਮਰੇ ਵਿਚ ਪਤਨੀ ਦੇ ਹਿਲਣ ਜਲਣ ਦੀ ਆਵਾਜ਼ ਆਈ ਹੈ, ਨਾ ਬੱਚੇ ਦੇ ਰੂੰ-ਰੂੰ ਕਰਨ ਦੀ। ਮਹੇਸ਼ ਕਿਵੇਂ ਨਾ ਕਿ ਗੋਡੇ ਅਤੇ ਫਿਰ ਲੱਕ ਪਕੜ ਕੇ ਉਠਿਆ ਹੈ। ਮੂੰਹੋਂ ਸਿਰਫ਼ "ਹਾਏ ! ਹਾਏ !" ਹੀ ਨਿਕਲਿਆ ਹੈ। ਆਪਣੇ ਸਰੀਰ ਨੂੰ ਖਿਚ ਧੂਹ ਕੇ ਉਸ ਆਪਣੇ ਆਪ ਨੂੰ ਬਾਹਰਲੇ ਦਰਵਾਜ਼ੇ ਤਕ ਖੜਿਆ ਹੈ ਤੇ ਦਰਵਾਜ਼ਾ ਬੰਦ ਕਰ ਦਿਤਾ ਹੈ। ਵਾਪਸ ਆ ਕੇ ਪਤਨੀ ਦੇ ਕਮਰੇ ਵਿਚ ਝਾਕਿਆ ਹੈ। ਵਿਚਾਰੀ ਪਤਨੀ, ਬਿਨਾ ਕਪੜੇ ਬਦਲਣ ਦੇ ਬਿਨਾਂ ਬੱਚੇ ਦਾ ਕੋਟ ਬੂਟ ਲਾਹਣ ਦੇ ਰਜਾਈ ਮਾੜੀ ਜਿਹੀ ਉਪਰ ਖਿੱਚ ਕੇ ਸੌਂ ਚੁਕੀ ਹੈ। ਇੰਜ ਸੁੱਤੀ ਪਈ ਹੈ ਜਿਵੇਂ ਆਵਾਜ਼ ਪੈਣ 'ਤੇ ਉਸ ਫੌਰਨ ਅਬੜਵਾਹੇ ਉਠਣਾ ਹੋਵੇ...... ਬੱਚਾ ਘੂਕ ਸੌਂ ਰਿਹਾ ਹੈ। ਮਹੇਸ਼ ਨੇ ਸਹਿਜੇ ਜਿਹੇ

ਬੱਤੀ ਬੰਦ ਕਰ ਦਿਤੀ ਹੈ । ਆਪਣੇ ਕਮਰੇ ਵਿਚ ਆਪਣੀ ਬੱਤੀ ਦਾ ਬਟਨ ਵੀ ਨੱਪ ਦਿਤਾ ਹੈ ਤੇ "ਹਾਏ ਹਾਏ" ਕਰਦਾ ਮੁੜ ਆਪਣੀ ਰਜ਼ਾਈ ਵਿਚ ਆ ਕੇ ਲੰਮਾ ਪੈ ਗਿਆ । ਲਕ ਤਾਂ ਉਸਦਾ ਦਰਦ ਕਰ ਹੀ ਰਿਹਾ ਸੀ, ਸਿਰ ਵੀ ਫਟਣ ਲਗ ਪਿਆ ਹੈ । ਇਹ ਕੀ ਹੋ ਰਿਹਾ ਹੈ ? ਇਹ ਕੈਸੀ ਬੀਮਾਰ-ਪੁਰਸੀ ? ਇਸ ਦਾ ਕੀ ਇਲਾਜ ਹੈ ? ਤੁਸੀਂ ਘਰ ਬੀਮਾਰ ਪਏ ਹੋ । ਕਈਆਂ ਦਿਨਾਂ ਬਾਅਦ ਹਸਪਤਾਲੋਂ ਆਏ ਹੋ । ਤੁਹਾਨੂੰ ਆਰਾਮ ਵੀ ਚਾਹੀਦਾ ਹੈ ਤੇ ਆਪਣੇ ਪਰਿਵਾਰ ਨਾਲ ਇਕੱਲ ਵੀ । ਆਪਣੇ ਦੋਸਤ ਮਿੱਤਰ ਦੀ ਖਬਰ ਲੈਣਾ ਮਨੁੱਖੀ ਜਜ਼ਬਾ ਹੈ, ਬੜਾ ਹੀ ਕੋਮਲ ਤੇ ਸ਼ੁਭ ਇੱਛਾਵਾਂ ਵਾਲਾ । ਮਰੀਜ਼ ਦੇ ਸੁਖ ਅਤੇ ਮਰੀਜ਼ ਦੇ ਕਿਸੇ ਕੰਮ ਆ ਸਕਣ ਦੀ ਚਾਹ ਨਾਲ ਲੋਕ ਬੀਮਾਰ-ਪੁਰਸੀ ਲਈ ਆਉਂਦੇ ਹਨ, ਨਾ ਕਿ ਆਪਣਾ ਵਕਤ ਕੱਟਣ, ਆਪਣੇ ਵਿਚਾਰਾਂ ਦੀ ਗੜੇਮਾਰ ਕਰਨ । ਮਰੀਜ਼ ਦੇ ਕਈ ਸਾਕ-ਸਬੰਧੀ, ਕਈ ਮਿੱਤਰ ਵਾਕਿਫ਼ ਹੋ ਸਕਦੇ ਹਨ, ਸਗੋਂ ਅਕਸਰ ਹੁੰਦੇ ਹਨ । ਮਰੀਜ਼ ਦਾ ਘਟ ਤੋਂ ਘਟ ਸਮਾਂ ਲਓ, ਉਸ ਦੀ ਹਾਲਤ ਵੇਖੋ ਤੇ ਉਸ ਤੇ ਤਰਸ ਕਰੋ । ਜੇ ਮਰੀਜ਼ ਕਾਫੀ ਨੌ-ਬਰ-ਨੌ ਹੋ ਚੁਕਿਆ ਹੈ, ਤੇ ਉਸ ਦਾ ਮਨ ਤੁਹਾਡੇ ਨਾਲ ਤਾਸ਼ ਜਾਂ ਸ਼ਤਰੰਜ ਖੇਡਣ 'ਤੇ ਹੈ ਜਾਂ ਤੁਸੀਂ ਭਲੇ ਹੀ ਉਸ ਨਾਲ ਤਾਸ਼ ਜਾਂ ਸ਼ਤਰੰਜ਼ ਦੀਆਂ ਬਾਜ਼ੀਆਂ ਲਾਓ — ਪਰ ਜੇਕਰ ਉਸਨੂੰ ਆਰਾਮ ਦੀ ਲੋੜ ਹੈ ਤੇ ਉਹ ਦਰਦ ਨਾਲ ਵਿਆਕੁਲ ਹੈ ਜਾਂ ਉਂਝ ਹੀ ਕਮਜ਼ੋਰ ਹੈ ਤਾਂ ਕਿਹੜੀ ਮਜਬੂਰੀ ਹੈ ਤੁਸੀਂ ਉਸ ਦੇ ਘਰ ਸ਼ਰਾਬ ਪੀਣ ਲਈ, ਵਕਤ ਕਟਣ ਲਈ ਤੇ ਆਪਣੀ ਜ਼ਿੰਦਗੀ ਦੀਆਂ ਸਭ ਸਮੱਸਿਆਵਾਂ ਦਾ ਵੇਰਵਾ ਦਸਣ ਲਈ ਉਸ ਦੇ ਘਰ ਪਹੁੰਚ ਜਾਓ ।

ਮੇਰੇ ਦੇਸ਼ ਦੇ ਵਸਨੀਕੋ ! ਮਿਤਰੋ ਤੇ ਦੋਸਤੋ ! ਵਕਤ ਸ਼ਬਦ ਦਾ ਕੋਈ ਅਰਥ ਤਾਂ ਹੋਵੇਗਾ ਹੀ । ਵਕਤ ਪਛਾਣਨ ਦੀ ਸੂਝ ਵੀ ਰਬ ਨੇ ਤੁਹਾਨੂੰ ਦਿਤੀ ਹੀ ਹੋਵੇਗੀ । ਵਕਤ ਸਾਂਭ ਲੈਣ ਦੀ ਜਾਚ ਵੀ ਰੱਬ ਨੇ ਤੁਹਾਡੇ ਮਗਜ਼ ਦੇ ਕਿਸੇ ਖਾਨੇ ਵਿਚ ਪਾਈ ਹੋਵੇਗੀ, ਤਾਂ ਵਕਤ ਬਚਾ ਲੈਣ ਦਾ ਹੁਨਰ ਵੀ ਤੁਹਾਨੂੰ ਆਉਂਦਾ ਹੀ ਹੋਣਾ ਚਾਹੀਦਾ ਹੈ । ਹਰਾਮਖੋਰ ਕੌਮ ਦੇ ਬਾਸ਼ਿੰਦਿਓ, ਆਪਣਾ ਵਕਤ ਬਚਾਓ, ਦੂਜੇ ਦਾ ਵਕਤ ਬਰਬਾਦ ਨਾ ਕਰੋ — ਇਹ ਵਕਤ ਜਿਹੜਾ ਅਜਾਈਂ ਗੰਵਾ ਰਹੇ ਹੋ—ਇਹ ਕਿਸੇ ਵੀ ਕੰਮ ਆ ਸਕਦਾ ਹੈ ।

ਹੁਣ ਰਾਤ ਦੇ ਦੋ ਵਜਣ ਵਾਲੇ ਹਨ ।......ਮਹੇਸ਼ ਦੁਖੀ ਹੈ । ਉਸ ਨੂੰ ਨੀਂਦ ਨਹੀਂ ਪੈ ਰਹੀ । ਉਸੱਲਵਟੇ ਭੰਨਣ ਦੇ ਉਂਜ ਹੀ ਉਹ ਕਾਬਿਲ ਨਹੀਂ ਹੈ । ਸਿਰਹਾਣੇ ਵਿਚ ਸਿਰ ਨੱਪੀ ਉਹ ਰੋ ਰਿਹਾ ਹੈ ।

('ਹੰਢਾਏ ਅਨੁਭਵ' ਦਾ ਇਕ ਕਾਂਡ)


ਸ਼ਹਿਰ ਕਿਉਂ ਸਹਿਕਦਾ ਹੈ ?

ਉਤਰ ਲਈ ਪੜ੍ਹੋ

**ਮੋਹਨਜੀਤ**

ਦਾ ਪਹਿਲਾ ਕਾਵਿ ਸੰਗ੍ਰਹਿ

**ਸ਼ਹਿਕਦਾ ਸ਼ਹਿਰ**

ਮੁਲ : ਪੰਜ ਰੁਪਏ

ਸਾਹਿਤ ਕੇਂਦਰ, ਅੰਮ੍ਰਿਤਸਰ ।

## ਨਿਰਵਾਣ ਪ੍ਰਾਪਤੀ ਤੋਂ ਪਹਿਲਾਂ

—ਅਮਿਤੋਜ

ਸਾਰੀ ਦੁਪਹਿਰ ਉਹ ਮੇਰੀ ਹਿੱਕ ਤੇ ਖੁਲ੍ਹੀ ਕਿਤਾਬ
ਵਾਂਗ ਪਈ ਰਹੀ—
ਤੇ ਮੇਰੇ ਮੱਥੇ ਚੋਂ ਮੇਖਾਂ ਪੁਟ ਪੁਟ—
ਸ਼ਹਿਰ ਦੇ ਰਾਜਮਾਰਗ ਵਲ ਸੁਟਦੀ ਰਹੀ
ਸ਼ਾਇਦ ਉਸ ਨੇ ਸੋਚ ਲਿਆ ਸੀ :
ਜਿਨ੍ਹਾਂ ਰਾਹਾਂ ਵਲ ਮੁੜਨਾ ਹੈ ਹੁਣ ਮੈਂ
ਸ਼ਿੰਗਾਰੇ ਮਥਿਆਂ ਦੀ ਉਥੇ ਲੋੜ ਨ ਕਾਈ
ਉਥੇ ਲੋੜ ਹੈ :
ਬੱਜਰ ਛਾਤੀ ਦੀ
ਟਿਕਵੇਂ ਪੈਰਾਂ ਦੀ
ਤੇ ਪੀਡੀਆਂ ਉਗਲਾਂ ਦੀ

... ... ...

ਸਫ਼ਰ ਦੀ ਤਿਆਰੀ ਵਿਚ
ਮੈਂ ਆਪਣੇ ਨਾਂਅ ਬਦਲਣੇ ਸ਼ੁਰੂ ਕੀਤੇ
(ਦਰਅਸਲ ਮੈਂ 'ਬਾਜ਼' ਵਰਗਾ
ਕੋਈ ਨਿੱਕਾ ਜਿਹਾ ਤੇ ਕੈਮੋਫਲਾਈਜ਼ਡ
ਨਾਂਅ ਰਖਣਾ ਚਾਹੁੰਦਾ ਸਾਂ)
ਫਿਰ ਮੈਂ ਅਜ ਦੇ ਦਿਨ ਨੂੰ ਕਿਸੇ ਇਤਿਹਾਸਕ
ਵਾਰ ਨਾਲ ਜੋੜਨਾ ਚਾਹਿਆ
ਤੇ ਇਹ ਜਾਣਕੇ ਬੜਾ ਹਸਿਆ
ਕਿ ਅਜ ਮੇਰਾ ਜਨਮ ਦਿਨ ਹੈ

... ... ...

ਸਵੇਰੇ ਜਦ ਉਹ ਸੂਰਜ ਵਾਂਗ
ਸਿਰ ਤੇ ਆ ਕੇ ਖੜੀ ਹੋਈ
ਤਾਂ ਮੈਂ ਰਾਜਮਾਰਗ ਤੋਂ ਮੇਖਾਂ ਚੁਗ ਚੁਗ
ਆਪਣੇ ਮਥੇ ਤੇ ਸਜਾ ਰਿਹਾ ਸੀ।

## ਇਕ ਕਵਿਤਾ/ ਲੋਕਨਾਥ

ਮੁੱਠੀ 'ਚ ਘੁਟਿਆ— ਰੇਡੀਅਮ
ਕੀ ਕਰਾਂ ?
ਜਦ ਚੀਖਦੇ ਚੋਰਾਹਿਆਂ 'ਚੋਂ
ਨਜ਼ਰ—
ਪਾਣੀ ਵਾਂਗੂ ਗੁਜ਼ਰ ਜਾਂਦੀ ਹੈ।
ਵਰਗਲਾ ਕੇ ਸਾਨੂੰ ਸਮਾਂ—
ਕਿੱਥੇ ਲੈਜਾਏਗਾ
ਸਾਨੂੰ ਮੰਜ਼ਿਲਾਂ ਦੀ ਨਹੀਂ
ਸ਼ਫ਼ਰ ਦੀ ਲੋੜ ਹੈ।
ਗਲ ਜਦ ਵੀ ਛਿੜਦੀ ਹੈ
ਸ਼ੁਰੂਆਤ ਹੁੰਦਾ ਹੈ......
ਤੇ ਮੈਂ ਉਸ 'ਯਤੀਮ ਬੱਚੀ' ਦਾ ਕੀ ਕਰਾਂ
ਜਿਸਨੂੰ ਕਹਾਣੀ ਦਾ ਅੰਤ
ਪਹਿਲਾਂ ਪਤਾ ਹੈ।

## ਭਾਰਤੀ ਕਰਨ/ ਰਮਿੰਦਰ ਸਿੰਘ

ਕਾਲੀ ਟੋਪੀ
ਕਾਲੀ ਸੰਸਕ੍ਰਿਤੀ ਦੀ ਪ੍ਰਤੀਕ,
ਖ਼ੂਬ ਤਾਂਡਵ ਨੱਚੀ
ਜਲਗਾਓਂ ਤੇ ਭਿਵਾਂਡੀ ਦੀਆਂ ਗਲੀਆਂ ਵਿਚ।
ਮੈਂ, ਤੂੰ ਤੇ ਕੁਲ ਆਲਮ ਨੇ ਡਿਠਾ।
ਤੇ ਖ਼ੂਬ ਡਿਠਾ
ਚਹੁੰ ਬਚਿਆਂ ਦੀ ਜਨਮ-ਦਾਤੀ ਨੇ
ਜੋ ਕਤਲ ਕਰ ਦਿਤੇ ਗਏ।
ਨਹੀਂ! ਨਹੀਂ! ਜਿਨ੍ਹਾਂ ਦਾ ਭਾਰਤੀਕਰਨ
—ਕਰ ਦਿਤਾ ਗਿਆ
ਦੁਨੀਆਂ ਦੀ ਮਹਾਨ ਸੈਕੂਲਰ ਸਟੇਟ ਵਿਚ


ਤੁਹਾਡੇ ਬੱਚਿਆਂ ਲਈ ਇਕ ਨਵੀਂ ਸੁਗਾਤ

ਝਿਲ ਮਿਲ ਕਰਦੇ ਤਾਰੇ

ਲੇਖਕ ਜੇ. ਐਸ. ਬਾਵਾ

ਕੀਮਤ : ਛੇ ਰੁਪਏ

ਸਾਹਿਤ ਕੇਂਦਰ—ਅੰਮ੍ਰਿਤਸਰ।

## ਗ਼ਜ਼ਲ/ ਅਜਾਇਬ ਸਿੰਘ ਹੁੰਦਲ

ਆਪਣੇ ਸਾਏ ਨੂੰ ਘਰ ਛਡ ਕੇ ਜਦ ਮੈਂ ਬਾਹਰ ਜਾਵਾਂ ।
ਛੀਤਾਂ ਥਾਣੀ ਝਾਤੀ ਮਾਰਨ ਕੁਝ ਅਨਜਾਣ ਹਵਾਵਾਂ ।

ਅੱਧੀ ਅੱਧੀ ਰਾਤੀਂ ਉਠ ਕੇ ਸੰਗ ਜਿਨ੍ਹਾਂ ਦੇ ਖੇਡਾਂ,
ਮੈਂ ਉਹਨਾਂ ਨੂੰ ਸੁਪਨੇ ਆਖਾਂ ਲੋਕੀ ਕਹਿਣ ਬਲਾਵਾਂ ।

ਸ਼ੀਸ਼ੇ ਦੇ ਘਰ ਨਾਲੋਂ ਯਾਰੋ ਮਿੱਟੀ ਦੇ ਘਰ ਚੰਗੇ,
ਆਪਣੇ ਸਿਰ ਤੇ ਧੁੱਪਾਂ ਸਹਿ ਜੋ ਸਾਨੂੰ ਕਰਦੇ ਛਾਵਾਂ ।

ਤੇਰੇ ਸ਼ਹਿਰ ਦੀਆਂ ਅੱਖਾਂ 'ਚੋਂ ਕੱਲ੍ਹ ਮੈਂ ਏਦਾਂ ਲੰਘਿਆ,
ਜੀਕਣ ਕੋਈ ਉਡਦਾ ਉਡਦਾ ਲੰਘ ਜਾਏ ਪਰਛਾਵਾਂ ।

ਇੱਕ ਉਮਰ ਕਿ ਦੁਸ਼ਮਣ ਮੈਨੂੰ ਦੁਸ਼ਮਣ ਨਹੀਂ ਸੀ ਲਗਦੇ ।
ਇਕ ਉਮਰ ਕਿ ਯਾਰੋ ਆਪਣੇ ਯਾਰਾਂ ਤੋਂ ਘਬਰਾਵਾਂ ।

ਰੋਜ਼ ਮਿਰਾ ਦਿਨ ਆਸ਼ਾਵਾਂ ਦੀ ਜੋੜ ਤੋੜ ਵਿਚ ਬੀਤੇ,
ਰੋਜ਼ ਰਾਤ ਨੂੰ ਸੋਚਾਂ ਦੇ ਘਰ ਬਣਾ ਬਣਾ ਕੇ ਢਾਵਾਂ ।

ਮਿਰੇ ਪਰਛਾਵੇਂ ਦੇ ਵੈਰੀ ਜਿੰਨਾਂ ਮੈਨੂੰ ਛਾਂਗਣ,
ਉਸ ਤੋਂ ਦੂਣਾ ਸੰਘਣਾ ਮੇਰਾ ਹੋ ਜਾਵੇ ਪਰਛਾਵਾਂ ।

## ਖਿਆਲ ਤੋਂ ਬਿਨਾ ਜਸਵੰਤ ਸਿੰਘ ਰਾਹੀ

ਸੁੰਦਰਤਾ !
ਤੇਰਾ ਸਹੁਪਣ ਸ਼ਾਂਤ-ਚਿਤ ਹੈ
ਤੇਰੀਆਂ ਲਾਵਾਂ ਵਿਚ ਖਲੋਤਾ ਦੁੱਖ ਮੁਸਕਰਾ ਰਿਹਾ ਸੀ ।
ਤੇਰੀ ਆਵਾਜ਼ ਨੇ ਅੰਬਰ ਚੁੰਮਿਆ ਹੈ
ਘਰ ਦੀ ਵਲਗਣ ਨੇ ਤੈਨੂੰ ਨਿੰਦਿਆ ਹੈ
ਮੇਰੀ ਪੂਜਾ ਵਿਚ ਤੇਰੀਆਂ ਅੱਖਾਂ ਦੀ ਬੇ-ਬੱਸੀ ਹੈ
ਢੇਮਾ ਨੇ ਤੇਰੇ ਪੈਰ ਜ਼ਖਮੀ ਕੀਤੇ ਹਨ
ਕੰਡਿਆਂ ਨਾਲ ਪੱਛੀ ਸੁੰਦਰਤਾ ਤੈਨੂੰ ਪ੍ਰਨਾਮ !
ਕਲਾ ਨੇ ਤੈਨੂੰ ਜਨਮ ਦਿੱਤਾ ਸੀ
ਆਪ ਉਹ ਭਟਕਦੀ ਰਹੀ ਹੈ
ਸੁੰਦਰਤਾ ਤੇਰਾ ਕਸੂਰ ?
ਤੂੰ ਸੁੰਦਰ ਹੈਂ !!
ਤੇਰੇ ਸਾਈਂ ਵਿਚ ਮੋਹ ਹੈ
ਜੁਰਅਤ ਨਹੀਂ ।
ਤੂੰ ਟੀਸੀ ਨੂੰ ਪੌੜੀ ਲਾਈ ਸੀ
ਚੜ੍ਹ ਨਹੀਂ ਸਕੀ !
ਮੇਰਾ ਅੰਦਰ
ਤੇਰਾ ਰੰਗ ਘੋਲ ਕੇ ਪੀਂਦਾ ਹੈ
ਤੈਨੂੰ ਪਰਾਂ ਵਿਚ ਲਕੋ ਕੇ ਉੱਡਦਾ ਹਾਂ
ਖਿਆਲ ਤੋਂ ਬਿਨਾ
ਤੇਰਾ ਕੁਝ ਵੀ ਮੇਰਾ ਨਹੀਂ ।

## ਕੁਝ ਸ਼ੇਅਰ ਸਾਬਰ ਅਬੋਹਰੀ ਐਮ. ਏ.

੧. ਆਦਮੀ ਨੂੰ ਮਾਰਦੀ ਏ ਜ਼ਿੰਦਗੀ
ਮੌਤ ਉਤੇ ਮੁਫਤ ਦਾ ਇਲਜ਼ਾਮ ਏ

੨. ਕੋਈ ਸ਼ੇਖ ਬਣ ਗਿਆ ਹੁਣ
ਕੋਈ ਬਣ ਗਿਆ ਬਰਾਹਮਣ
ਹਰ ਸ਼ਖਸ਼ ਆਦਮੀ ਸੀ
ਤੇਰੀ ਬੰਦਗੀ ਤੋਂ ਪਹਿਲਾਂ ।

੩. ਫੁੱਲ ਕੰਡਿਆਂ ਤੇ ਵੀ ਹੱਸਦੇ ਹੀ ਰਹੇ
ਤ੍ਰੇਲ ਚੰਦਰੀ ਫੁੱਲਾਂ ਤੇ ਰੋਂਦੀ ਰਹੀ

੪. ਸਾਬਰ ਦੀ ਚਤਰਾਈ ਵੇਖੋ
ਗਲਾਂ ਕਿੰਜ ਬਣਾਵੇ
ਲੋਕਾਂ ਦੇ ਐਬਾਂ ਤੇ ਨਜ਼ਰਾਂ
ਆਪਣੇ ਐਬ ਛੁਪਾਵੇ ।

੫. ਜਿਸਨੇ ਆਪਣਾ ਆਪ ਪਛਾਤਾ
ਉਸ ਕੁਫਰ-ਈਮਾਨ ਦੋਏ ਨਹੀਂ ਕੋਈ
ਖੁਲ੍ਹ ਗਏ ਉਸਦੇ ਸਭ ਦਰਵਾਜੇ
ਉਹਦੇ ਜਿਹਾ ਇਨਸਾਨ ਨਹੀਂ ਕੋਈ

---

## ਸੂਚਨਾ

੧. ਚੰਦੇ ਤੇ ਰਚਨਾਵਾਂ ਹੇਠ ਲਿਖੇ ਪਤੇ ਤੇ ਭੇਜੋ
ਐਡੀਟਰ 'ਸਰਦਲ'
ਤੇਜ ਪ੍ਰੈਸ ਬਿਲਡਿੰਗ
ਕਟੜਾ ਸ਼ੇਰ ਸਿੰਘ ਅੰਮ੍ਰਿਤਸਰ

੨. ਅਸਵੀਕ੍ਰਿਤ ਰਚਨਾਵਾਂ ਉਹੀ ਵਾਪਸ ਭੇਜੀਆਂ ਜਾਂਦੀਆਂ ਹਨ ਜਿਨ੍ਹਾਂ ਨਾਲ ਟਿਕਟ-ਲਗਾ ਲਫਾਫ਼ਾ ਮੌਜੂਦ ਹੋਵੇ ।

੩. ਅਸਵੀਕ੍ਰਿਤ ਰਚਨਾਵਾਂ ਬਾਰੇ ਕੋਈ ਚਿੱਠੀ ਪੱਤਰ ਨਹੀਂ ਹੁੰਦੀ ।

## ਸ਼ੇਰ ਦੀ ਬੱਚੀ/ਖ਼ਲੀਲ ਜਿਬਰਾਨ

ਚਾਰ ਗ਼ੁਲਾਮ ਖਲੋਤੇ, ਇਕ ਬੁਢੀ ਮਹਾਰਾਣੀ ਨੂੰ, ਜੋ ਆਪਣੇ ਤਖ਼ਤ ਤੇ ਘੂਕ ਸੁੱਤੀ ਪਈ ਸੀ, ਪੱਖਾ ਝਲ ਰਹੇ ਸਨ। ਉਹ ਘੁਰਾੜੇ ਮਾਰ ਰਹੀ ਸੀ। ਮਲਕਾ ਦੀ ਝੋਲ ਵਿਚ ਇਕ ਬਿੱਲੀ ਬੈਠੀ ਘੁਰ ਘੁਰ ਕਰ ਰਹੀ ਸੀ ਤੇ ਨਾਲ ਹੀ ਸੁਸਤ ਜਹੀਆਂ ਨਜ਼ਰਾਂ ਨਾਲ ਗ਼ੁਲਾਮਾਂ ਵਲ ਝਾਕ ਰਹੀ ਸੀ।

ਪਹਿਲਾ ਗ਼ੁਲਾਮ ਬੋਲਿਆ, ਤੇ ਉਸ ਕਿਹਾ, "ਇਹ ਘੋਂਦੀ ਰੰਨ, ਸੁੱਤੀ ਹੋਈ ਕਿੰਨੀ ਕਰੂਪ ਦਿਸਦੀ ਹੈ। ਇਸ ਦੇ ਝਵੇਂ ਮੂੰਹ ਵਲ ਵੇਖੋ; ਅਤੇ ਇਹ ਸਾਹ ਤਾਂ ਏਦਾਂ ਲੈਂਦੀ ਏ ਜਿਦਾਂ ਕਿ ਸ਼ੈਤਾਨ ਇਸਦਾ ਗਲ ਘੁਟ ਰਿਹਾ ਹੋਵ।"

ਏਨੇ ਨੂੰ ਬਿੱਲੀ ਘੁਰ-ਘੁਰ ਕਰਕੇ ਬੋਲੀ, "ਉਹ ਨੀਂਦਾਂ-ਮੱਤੀ ਆਪਣੀ ਨੀਂਦ ਵਿਚ ਤੁਹਾਥੋਂ ਅੱਧੀ ਵੀ ਬਦਸੂਰਤ ਨਹੀਂ, ਜਿੰਨੇ ਬਦਸੂਰਤ ਤੁਸੀਂ ਆਪਣੀ ਜੀਉਂਦੀ ਜਾਗਦੀ ਗ਼ੁਲਾਮੀ ਕਾਰਨ ਹੋ।"

ਦੂਜੇ ਗ਼ੁਲਾਮ ਨੇ ਕਿਹਾ, "ਤੇਰਾ ਕੀ ਖ਼ਿਆਲ ਹੈ ਕਿ ਨੀਂਦ ਉਸ ਦੀਆਂ ਝੁਰੜੀਆਂ ਨੂੰ ਡੂੰਘਿਆਂ ਕਰਨ ਦੀ ਥਾਂ ਪਧਰਿਆਂ ਕਰ ਦੇਵੇਗੀ। ਉਹ ਜ਼ਰੂਰ ਕਿਸੇ ਭੈੜੀ ਸ਼ੈ ਬਾਰੇ ਸੁਫ਼ਨਾ ਵੇਖ ਰਹੀ ਹੈ।"

ਬਿੱਲੀ ਨੇ ਮੁੜ ਘੁਰ-ਘੁਰ ਕੀਤੀ, 'ਕੀ ਤੁਸੀਂ ਵੀ ਕਦੀ ਸੌਂ ਕੇ ਆਪਣੀ ਆਜ਼ਾਦੀ ਦੇ ਸੁਪਨੇ ਲਓਗੇ!"

ਤੀਜਾ ਗ਼ੁਲਾਮ ਬੋਲਿਆ, ਹੋ ਸਕਦੈ, ਉਹ ਉਹਨਾਂ ਸਭਨਾਂ ਦੀ ਭੀੜ ਨੂੰ ਤਕ ਰਹੀ ਹੋਵੇ, ਜਿਨ੍ਹਾਂ ਨੂੰ ਉਸ ਕਤਲ ਕਰਵਾਇਆ ਹੈ।"

ਬਿੱਲੀ ਗੁੱਰਾਈ, "ਨਿੱਗਲਿਓ! ਉਹ ਤੁਹਾਡੇ ਵੱਡੇ-ਵਡੇਰਿਆਂ ਅਤੇ ਉਲਾਦ ਦੀਆਂ ਭੀੜਾਂ ਨੂੰ ਦੇਖ ਰਹੀ ਹੈ।"

ਚੌਥੇ ਗ਼ੁਲਾਮ ਨੇ ਕਿਹਾ, "ਇਸ ਬੁਢੀ ਬਾਰੇ ਗੱਲਾਂ ਕਰਨੀਆਂ ਤਾਂ ਚੰਗੀ ਗਲ ਹੈ, ਪਰ ਇਸ ਨਾਲ ਮੇਰੀ ਖੜੋਨ ਤੇ ਪੱਖਾ ਝਲੱਣ ਤੋਂ ਉਪਜੀ ਥਕਾਵਟ ਤਾਂ ਨਹੀਂ ਘਟਣੀ।"

ਤੇ ਬਿੱਲੀ ਮੁੜ ਬੋਲੀ, "ਤੁਸੀਂ ਜਨਮ-ਜਨਮ ਪੱਖਾ ਝਲਦੇ ਰਹੋਗੇ; ਕਿਉਂਕਿ ਜਿੱਦਾਂ ਏਥੇ ਓਦਾਂ ਹੀ ਸਵਰਗਾਂ ਵਿਚ।"

ਏਨੇ ਨੂੰ ਬੁਢੀ ਮਲਕਾ ਪਾਸਾ ਪਰਤਿਆ ਤੇ ਉਸਦਾ ਤਾਜ ਫ਼ਰਸ਼ ਤੇ ਜਾ ਡਿੱਗਾ।

ਤੇ ਵਿਚੋਂ ਕੋਈ ਗ਼ੁਲਾਮ ਬੋਲਿਆ, "ਇਹ ਬਦ-ਸ਼ਗਨੀ ਹੈ।"

ਬਿੱਲੀ ਗੁੱਰਾਈ, "ਇਕ ਦਾ ਬਦ-ਸ਼ਗਨ, ਦੂਜੇ ਲਈ ਚੰਗਾ ਸ਼ਗਨ ਹੁੰਦਾ ਹੈ।"

ਮੁੜ ਦੂਜੇ ਗ਼ੁਲਾਮ ਨੇ ਕਿਹਾ, "ਜੇ ਉਹ ਜਾਗ ਪਏ ਅਤੇ ਆਪਣੇ ਤਾਜ ਨੂੰ ਡਿਗਿਆ ਤੱਕੇ, ਤਦ ਕੀ ਬਣੇਗਾ! ਇਹ ਯਕੀਨੀ ਹੈ ਕਿ ਉਹ ਸਾਨੂੰ ਮਰਵਾ ਦੇਵੇਗੀ।"

ਬਿੱਲੀ ਬੋਲੀ, ਤੁਹਾਡੇ ਜਨਮ ਤੋਂ ਲੈ ਕੇ ਉਹ ਰੋਜ਼ ਹੀ ਤੁਹਾਨੂੰ ਕਤਲ ਕਰਦੀ ਹੈ। ਪਰ ਤੁਸੀਂ ਭੋਲੇ ਕੀ ਜਾਣੋ।"

ਤੀਜਾ ਗ਼ੁਲਾਮ ਬੋਲਿਆ, "ਹਾਂ ਸਚ! ਉਹ ਸਾਨੂੰ ਮਰਵਾ ਸੁੱਟੇਗੀ, ਅਤੇ ਇਸ ਨੂੰ ਦੇਵਤਿਆਂ ਲਈ ਭੇਟਾ ਦਾ ਨਾਂ ਦੇਵੇਗੀ।"

ਬਿਲੀ ਘੁਰ-ਘੁਰ ਕਰਦੀ ਕਹਿਣ ਲਗੀ, "ਸਿਰਫ਼ ਕਮਜ਼ੋਰ ਵਿਅਕਤੀ ਹੀ ਦੇਵਤਿਆਂ ਦੇ ਬਲੀ ਚੜ੍ਹਾਏ ਜਾਂਦੇ ਹਨ।"

ਚੌਥੇ ਗ਼ੁਲਾਮ ਨੇ ਬਾਕੀਆਂ ਨੂੰ ਚੁਪ ਕਰਾਇਆ ਅਤੇ ਹੌਲੀ ਜਹੀ ਤਾਜ ਨੂੰ ਉਤਾਂਹ ਚੁਕਿਆ ਅਤੇ ਬਗ਼ੈਰ ਮਲਕਾ ਨੂੰ ਜਗਾਏ ਮਲਕੜੇ ਜਿਹੇ ਉਸ ਦੇ ਸਿਰ ਤੇ ਜਾ ਧਰਿਆ।

ਬਿੱਲੀ ਮੁੜ ਬੋਲੀ, "ਸਿਰਫ਼ ਗ਼ੁਲਾਮ ਹੀ ਢਠੇ ਹੋਏ ਤਾਜ ਨੂੰ ਮੁੜ ਬਹਾਲ ਕਰ ਸਕਦਾ ਹੈ।"

ਕੁਝ ਦੇਰ ਪਿਛੋਂ ਹੀ ਬੁਢੀ ਮਲਕਾ ਦੀ ਜਾਗ ਖੁਲ੍ਹੀ, ਉਸ ਆਲੇ ਦੁਆਲੇ ਤੇ ਨਜ਼ਰ ਮਾਰਦਿਆਂ ਉਬਾਸੀ ਲਈ। ਫੇਰ ਉਹ ਬੋਲੀ, "ਸ਼ਾਇਦ ਮੈਂ ਸੁਪਨਾ ਦੇਖ ਰਹੀ ਸਾਂ; ਮੈਂ ਇਕ ਬੁਢ-ਪੁਰਾਣੇ ਸ਼ਾਹ-ਬਲੂਤ ਦੇ ਤਣੇ ਦੁਆਲੇ ਇਕ ਬਿੱਛੂ ਨੂੰ ਚਾਰ ਟਿਡਿਆਂ ਦਾ ਪਿਛਾ ਕਰਦੇ ਡਿਠਾ। ਮੈਨੂੰ ਇਹ ਭੈੜਾ ਸੁਪਨਾ ਨਾ-ਪਸੰਦ ਹੈ।"

ਫੇਰ ਉਸ ਆਪਣੀਆਂ ਅੱਖਾਂ ਮੀਟ ਲਈਆਂ ਅਤੇ ਮੁੜ ਸੌਂ ਗਈ। ਉਸ ਫੇਰ ਘੁਰਾੜੇ ਮਾਰਨੇ ਸ਼ੁਰੂ ਕੀਤੇ, ਅਤੇ ਚਾਰੇ ਗ਼ੁਲਾਮ ਉਸ ਨੂੰ ਪੱਖਾ ਝਲਦੇ ਹੀ ਰਹੇ।

ਤੇ ਬਿੱਲੀ ਗੁੱਰਾਈ, "ਝੱਲੀ ਜਾਓ, ਝੱਲੀ ਜਾਓ, ਝਲਿਓ! ਤੁਸੀਂ ਉਸੇ ਅੱਗ ਨੂੰ ਹਵਾ ਦੇ ਰਹੇ ਹੋ, ਜੋ ਤੁਹਾਨੂੰ ਹੀ ਸਾੜ ਸਵਾਹ ਕਰੇਗੀ।"

(ਅਨੁਵਾਦਕ : ਪ੍ਰੇਮ ਅਵਤਾਰ ਰੈਣਾ)

## ਕਹਾਣੀ/**ਵਾਲੀਆਂ**/ ਲੇਖਕ : ਓਮਕਾਰਨਾਥ ਸ੍ਰੀ ਵਾਸਤਵਾ

ਸੁਸ਼ੀਲ ਦੀ ਮਾਂ ਆਪਣੀ ਧੀ ਨੂੰ ਕਹਿ ਰਹੀ ਸੀ " ਦੇਖ ਮਾਲਤੀ, ਸੁਸ਼ੀਲ ਕਲ ਆ ਰਿਹਾ ਏ, ਤੂੰ ਉਹਦੇ ਵਾਸਤੇ ਕੋਈ ਖਾਸ ਚੀਜ਼ ਤਿਆਰ ਕੀਤੀ ਏ ਕਿ ਨਹੀਂ ? ਤੈਨੂੰ ਪਤਾ ਈ ਏ ਕਿ ਉਹ ਹੁਣ ਸਾਹਬ ਬਣ ਕਿ ਆ ਰਿਹਾ ਏ " ਅਖੀਰਲੇ ਸ਼ਬਦ ਕਹਿੰਦਿਆਂ ਉਹ ਇਕ ਵਿਸ਼ੇਸ਼ ਅੰਤਰੀਵ ਖੁਸ਼ੀ ਮਹਿਸੂਸ ਰਹੀ ਸੀ।

" ਮੈਨੂੰ ਵੀ ਉਹਦਾ ਖਿਆਲ ਏ " ਮਾਲਤੀ ਨੇ ਕਿਹਾ।

ਸੁਸ਼ੀਲ ਦੀ ਮਾਂ ਨੇ ਉਹਦੇ ਵਲ ਘੂਰਕੇ ਵੇਖਿਆ, ਉਹਨੂੰ ਮਾਲਤੀ ਦਾ ਇਸ ਤਰ੍ਹਾਂ ਕਹਿਣਾ ਚੰਗਾ ਨਹੀਂ ਸੀ ਲਗਿਆ।

" ਮਾਲਤੀ, ਤੂੰ ਵੀ ਬੁੱਧ ਬਲੇਟ ਈ ਏਂ, ਤੇਰਾ ਭਰਾ ਹੁਣ ਸਾਧਾਰਨ ਆਦਮੀ ਨਹੀਂ ਰਿਹਾ, ਛੇਤੀ ਹੀ ਉਹਨੇ ਡਾਕਟਰ ਬਣ ਜਾਣਾ ਏ......ਹਾਂ ਡਾਕਟਰ, ਕੋਈ ਮਾਮੂਲੀ ਬੈਂਕ ਦਾ ਮੈਨੇਜਰ ਨਹੀਂ .....ਤੈਨੂੰ ਪਤਾ ਈ ਏ ਕਿ ਡਾਕਟਰ ਕਿੱਡਾ ਵਡਾ ਆਦਮੀ ਹੁੰਦਾ ਹੈ।"

ਡਾਕਟਰ ਦਾ ਸ਼ਬਦ ਕਹਿੰਦਿਆਂ ਹੋਇਆਂ ਉਹ ਬਿੰਦ ਬਿੰਦ ਖੁਸ਼ ਹੋ ਰਹੀ ਸੀ।

" ਹੁਣ ਉਹ ਸਾਧਾਰਣ ਰੋਟੀ ਨਹੀਂ ਖਾਣ ਲਗਾ" ਉਹਨੇ ਗੱਲ ਨੂੰ ਪੂਰਾ ਕੀਤਾ ।

" ਮਾਂ ਡਾਕਟਰ ਲੋਕ ਮੈਨੂੰ ਨਹੀਂ ਚੰਗੇ ਲਗਦੇ, ਸ਼ੀਲਾ ਨੇ ਮੈਨੂੰ ਦਸਿਆ ਏ ਕਿ ਉਹ ਹਰ ਵਕਤ ਗੰਦ 'ਚ ਈ ਹੱਥ ਮਾਰਦੇ ਰਹਿੰਦੇ ਨੇ, ਨਾਲੇ ਮਾਂ ਉਹ ਸੂਈ ਚੋਭਦੇ ਨੇ......ਛੀ ਛੀ ਛੀ...' ਮੈਂ ਆਪਣੇ ਵੀਰ ਨੂੰ ਕਹਾਂਗੀ ਕਿ ਉਹ ਇਸ ਤਰ੍ਹਾਂ ਨਾ ਕਰਿਆ ਕਰੇ, ਠੀਕ ਏ ਨਾ ਮਾਂ ?"

ਮਾਲਤੀ ਨੇ ਕਿਹਾ ਤੇ ਮਾਂ ਵਲ ਵੇਖਿਆ, ਜਿਸ ਤਰ੍ਹਾਂ, ਉਹ ਆਪਣੀ ਗਲ ਦਾ ਹੁੰਗਾਰਾ ਚਾਹੁੰਦੀ ਹੋਵੇ ।

"ਬਬੂਏ ਦੀ ਮਾਂ, ਆਪਣੀ ਭਤੀਜੀ ਵਲ ਵੇਖ ਕਿਹੀ ਝੱਲੀ ਗਲ ਕਰਦੀ ਏ " ਸੁਸ਼ੀਲ ਦੀ ਮਾਂ ਨੇ ਆਪਣੀ ਨਨਾਣ ਨੂੰ, ਜਿਹੜੀ ਮੂਹੜੇ ਤੇ ਬੈਠੀ ਸੀ, ਕਿਹਾ।

" ਇਹ ਸੁਸ਼ੀਲ ਨੂੰ ਸੂਈ ਨਹੀਂ ਲਾਣ ਦੇਵੇਗੀ, ਪਰ ਇਹ ਕੀ ਜਾਣੇ ਇਹ ਸੂਈਆਂ ਹੀ ਤਾਂ ਨੇ ਜਿਹਨਾਂ ਇਹਦੇ ਲਈ ਦਾਜ, ਗਹਿਣਾ ਗੱਟਾ ਤੇ ਹੋਰ ਚੀਜ਼ਾਂ ਬਨਾਉਣੀਆਂ ਨੇ ਤੇ ਨਾਲ ਇਹਦੇ ਲਈ ਚੰਗਾ ਵਰ-ਘਰ ਬੈਰਿਸਟਰ ਜਾਂ ਇੰਜੀਨੀਅਰ..."

ਵਰ-ਘਰ ਦੇ ਨਾਂ ਤੇ ਮਾਲਤੀ ਸ਼ਰਮਾ ਗਈ ਜਿਸ ਤਰ੍ਹਾਂ ਸਾਰੀਆਂ ਕੁੜੀਆਂ ਸ਼ਰਮਾਂਦੀਆਂ ਹੀ ਹੁੰਦੀਆਂ ਹਨ; ਉਹਦੀ ਮਾਂ ਤੇ ਭੂਆ ਦੋਨੋਂ ਮੁਸਕ ਰਾਈਆਂ ਉਹਨਾਂ ਨੂੰ ਆਪਣੇ ਦਿਨ ਯਾਦ ਆ ਗਏ, ਉਹ ਵੀ ਇਸੇ ਤਰ੍ਹਾਂ ਕਦੀ ਸ਼ਰਮਾਈਆਂ ਸਨ, ਲਜਿ-ਆਈਆਂ ਸਨ ।

ਬਬੂਏ ਦੀ ਮਾਂ ਆਪਣੀ ਭਾਬੀ ਦੀ ਗਲ ਵਿਚ ਦਿਲਚਸਪੀ ਲੈਂਦੀ ਬੋਲੀ, " ਸੁਸ਼ੀਲ ਨੂੰ ਵੇਖਿਆ ਤਾਂ ਕਿੰਨਾਂ ਹੀ ਚਿਰ ਹੋ ਗਿਆ ਏ, ਕਿੰਨਾਂ ਚੰਗਾ ਮੁੰਡਾ ਏ, ਬਬੂਏ ਦੇ ਪਿਤਾ ਜੀ ਦਾ ਬੜਾ ਮੋਹ ਸੀ ਇਹਦੇ ਨਾਲ...... ਉਹ ਤਾਂ ਇਹ ਵੀ ਕਹਿੰਦੇ ਹੁੰਦੇ ਸਨ ਕਿ ਬਬੂਆ ਵੀ ਡਾਕਟਰ ਬਣੇਗਾ, ਪਰ ਪਤਾ ਨਹੀਂ ਪਿਛੋਂ ਕੀ ਗਲ ਹੋਈ, ਉਹ ਆਪ ਹੀ ਮੈਨੂੰ ਦਸਣ ਲਗੇ ਕਿ ਸਾਡਾ ਬਬੂਆ ਹੁਣ ਪ੍ਰੋਫੈਸਰ ਬਣੇਗਾ, ਕੀ ਪ੍ਰੋਫੈਸਰ ਡਾਕਟਰ ਨਾਲੋਂ ਵਡਾ ਹੁੰਦਾ ਏ ਭਾਬੀ ?"

ਸੁਸ਼ੀਲ ਦੀ ਮਾਂ ਨੇ ਨੱਕ ਚੜ੍ਹਾਇਆ, ਉਹਨੂੰ ਇਹ ਗਲ ਚੰਗੀ ਨਹੀਂ ਸੀ ਲਗੀ, ਉਸਦਾ ਪੁਤਰ ਡਾਕਟਰ ਬਣ ਰਿਹਾ ਸੀ ਤੇ ਡਾਕਟਰੀ ਨਾਲੋਂ ਵਡੀ ਹੋਰ ਭਲਾ ਕਿਹੜੀ ਪੜ੍ਹਾਈ ਹੋ ਸਕਦੀ ਸੀ ।

" ਤੂੰ ਵੀ ਬਿਲਕੁਲ ਸਿੱਧੀ ਏਂ ਮਾਇਆ ਕਿਥੇ ਡਾਕਟਰੀ ਤੇ ਕਿਥੇ ਪ੍ਰੋਫੈਸਰੀ ...... ਮੇਰਾ ਸੁਸ਼ੀਲ ਤਾਂ ਸੁੱਖ ਨਾਲ ਹੁਣੇ ਵਡਾ ਸਾਹਬ ਲਗਦਾ ਏ, ਭਾਵੇਂ

ਹਾਲੀ ਡਾਕਟਰੀ ਦੀ ਪੜ੍ਹਾਈ ਈ ਕਰ ਰਿਹਾ ਏ"

ਉਹਨੇ ਬਬੂਏ ਦੀ ਮਾਂ ਨੂੰ ਸਮਝਾਇਆ ਤੇ ਫਿਰ ਮਾਲਤੀ ਵਲ ਮੁੜਦਿਆਂ ਕਹਿਣ ਲਗੀ, "ਨੀ ਮਾਲਤੀਏ, ਆਛੇ ਤੇ ਆਪਣੇ ਲਈ ਨਵੇਂ ਕਪੜੇ ਕੱਢ ਛੱਡ, ਨਾਲੇ ਮੰਗਲ ਯੱਕੇ ਵਾਲੇ ਦੇ ਘਰ ਸੁਨਿਹਾ ਦੇਕੇ ਆ ਕਿ ਯੱਕਾ ਸਵੇਰੇ ਸਟੇਸ਼ਨ ਤੇ ਲੈ ਕੇ ਚਲਿਆ ਜਾਵੇ, ਗਡੀ ਸੱਤ ਵਜੇ ਆਉਂਦੀ ਏ" ਫਿਰ ਜਿਸ ਤਰ੍ਹਾਂ ਕੋਈ ਗਲ ਉਹਨੂੰ ਯਾਦ ਆਈ, "ਤੇਰੇ ਬਾਊ ਜੀ ਤਕ ਉਸ ਵੇਲੇ ਤਾਂ ਬਿਸਤਰੇ 'ਚ ਹੀ ਹੋਣਗੇ" ਫਿਰ ਆਪਣੀ ਨਨਾਣ ਵਲ ਮੁੜਕੇ ਕਹਿਣ ਲਗੀ, "ਮੈਂ ਤਾਂ ਸੁਸ਼ੀਲ ਨੂੰ ਕਹਾਂਗੀ ਕਿ ਕੋਈ ਦਵਾਈ ਆਪਣੇ ਬਾਊ ਜੀ ਨੂੰ ਵੀ ਦੇਵੇ, ਜਿਸ ਨਾਲ ਉਹ ਸਵੱਖਤੇ ਉਠਿਆ ਕਰਨ, ਸਵੇਰੇ ਉਠਣ ਨਾਲ ਬੰਦੇ ਦੀ ਸਿਹਤ ਚੰਗੀ ਰਹਿੰਦੀ ਏ"

ਬੰਗੂ ਬਾਬੂ ਜਿਹੜੇ ਦੁਪਿਹਰ ਦੀ ਨੀਂਦ ਤੋਂ ਹੁਣੇ ਹੀ ਉਠੇ ਸਨ ਸੁਸ਼ੀਲ ਦੀ ਮਾਂ ਦੀ ਗਲ ਸੁਣ ਕੇ ਬੋਲ ਪਏ "ਮੇਰੇ ਲਈ ਕੀ ਚੰਗਾ ਏ ਤੇ ਕੀ ਮੰਦਾ ਏ, ਇਹ ਮੈਂ ਜਾਣਦਾ ਹਾਂ, ਤੂੰ ਆਪਣੀ ਸਿਹਤ ਦਾ ਖਿਆਲ ਰਖਿਆ ਕਰ ਭਾਗਵਾਨੇ"

"ਲੈ ਮੇਰੀ ਸਿਹਤ ਨੂੰ ਕੀ ਏ ?" ਮੈਂ ਤਾਂ ਊਂਈ ਕਹਿ ਰਹੀ ਸਾਂ ਕਿ ਡਾਕਟਰ ਦੇ ਪਿਤਾ ਨੂੰ ਏਨਾ ਸੁਸਤ ਨਹੀਂ ਹੋਣਾ ਚਾਹੀਦਾ, ਨਾਲੇ ਵੇਖੋ ਨਾ ਤੁਸੀਂ ਮਾਲਤੀ ਨੂੰ ਵੀ ਲਾਡ 'ਚ ਚੌੜ ਕਰ ਦਿਤਾ ਏ ਹਾਲੇ, ਤੱਕ ਉਹਨੇ ਉੱਕਾ ਹੀ ਨਹੀਂ ਸੋਚਿਆ ਕਿ ਸੁਸ਼ੀਲ ਨੂੰ ਸਵੇਰੇ ਨਾਸ਼ਤੇ ਨਾਲ ਕੀ ਖਵਾਣਾ ਏ ?" ਸੁਸ਼ੀਲ ਦੀ ਮਾਂ ਦਾ ਆਪਣਾ ਹੀ ਰੌਂ ਸੀ ਤੇ ਉਹ ਉਸ ਰੌਂ ਵਿਚ ਬੋਲੀ ਜਾ ਰਹੀ ਸੀ, ਬਬੂਏ ਦੀ ਮਾਂ ਨੇ ਉਠਦਿਆਂ ਕਿਹਾ, "ਚੰਗਾ ਮੈਂ ਸਵੇਰੇ ਸੁਸ਼ੀਲ ਨੂੰ ਮਿਲਣ ਆਵਾਂਗੀ।" ਅਤੇ ਆਪਣੇ ਘਰ ਵਲ ਚਲ ਪਈ ।

ਬੰਗੂ ਬਾਬੂ ਨਿਕੇ ਜਿਹੇ ਕੱਸਬੇ ਦੇ ਸਿਰਕੱਢ ਬੰਦੇ ਸਨ । ਆਪਣੀ ਜ਼ਮੀਨ ਤੇ ਹੋਰ ਜਾਇਦਾਦ ਦੇ ਕਾਰਨ ਉਹ ਚੰਗੇ ਰੱਜੇ ਪੁੱਜੇ ਸਨ, ਜਿਸ ਕਰਕੇ ਉਹਨਾਂ ਨੇ ਕਦੇ ਕੰਮ ਕਰਨ ਦੀ ਜ਼ਰੂਰਤ ਨਹੀਂ ਸੀ ਸਮਝੀ, ਬਬੂਏ ਦੀ ਮਾਂ ਹ'ਾਤੜ ਸਾਬਨ ਸੀ ਪੰਜ ਸਾਲ ਹੋਏ ਸ਼ੀ, ਉਹਨੂੰ ਵਿਧਵਾ ਹੋਇਆਂ ; ਬਬੂਏ ਦਾ ਪਿਤਾ ਡਾਕਖਾਨੇ ਵਿਚ ਕਲਰਕ ਸੀ । ਸੁਸ਼ੀਲ ਤੇ ਬਬੂਆ ਇਕੱਠੇ ਹੀ ਖੇਡੇ ਸਨ ਤੇ ਮੁੱਡਲੀ ਪੜ੍ਹਾਈ ਵੀ ਉਹਨਾਂ ਇਕੱਠਿਆਂ ਹੀ ਕੀਤੀ ਸੀ, ਇਸ ਕਰਕੇ ਸੁਸ਼ੀਲ ਦੀ ਕੋਈ ਗਲ ਸੁਣਕੇ ਬਬੂਏ ਦੀ ਮਾਂ ਨੂੰ ਬਬੂਏ ਦੀ ਯਾਦ ਆਉਣੀ ਜ਼ਰੂਰੀ ਸੀ । ਬਬੂਆ ਅਲ੍ਹਾਬਾਦ ਵਿਚ ਐਮ. ਏ ਦੀ ਪੜ੍ਹਾਈ ਕਰ ਰਿਹਾ ਸ਼ੀ । ਉਹ ਬੜਾ ਲਾਇਕ ਤੇ ਮਿਹਨਤੀ ਸੀ। ਆਪਣੇ ਪਿਤਾ ਦੀ ਮੌਤ ਪਿਛੋਂ ਉਸ ਕਦੇ ਮਾਂ ਕੋਲੋਂ ਪੈਸਾ ਨਹੀਂ ਸੀ ਮੰਗਿਆ । ਬਬੂਏ ਦੀ ਭੈਣ ਬੀਨਾ ਹੁਣ ਮੁਟਿਆਰ ਹੋਈ ਸੀ ਤੇ ਉਹਦੀ ਹੀ ਵਡੀ ਚਿੰਤਾ ਦੋਹਾਂ ਮਾਵਾਂ ਪੁੱਤਾਂ ਨੂੰ ਸੀ ।

ਅਗਲੀ ਸਵੇਰ ਬੰਗੂ ਬਾਬੂ ਦੇ ਘਰ ਬੜੀ ਗਹਿਮਾ ਗਹਿਮ ਸੀ । ਨਿੱਕੇ ਆਛੇ ਨੇ ਨਹਾ ਕੇ ਕਪੜੇ ਬਦਲ ਲਏ ਸਨ ਪਰ ਅਜੇ ਵੀ ਉਹ ਰੀਂ ਰੀਂ ਕਰੀ ਜਾਂਦਾ ਸੀ । ਮਾਲਤੀ ਆਪਣੇ ਰੇਸ਼ਮੀ ਕਪੜਿਆਂ 'ਚ ਗੁੱਡੀ ਲਗ ਰਹੀ ਸੀ । ਮੰਗਲ ਯੱਕੇ ਵਾਲੇ ਨੂੰ ਸੁਸ਼ੀਲ ਦੀ ਮਾਂ ਨੇ ਪੰਜ ਵਜੇ ਹੀ ਜਾ ਜਗਾਇਆ ਸੀ । ਬਬੂਏ ਦੀ ਮਾਂ ਵੀ ਭਰਾ ਦੇ ਘਰ ਪੁੱਜ ਗਈ ਸੀ, ਬਬੂਆ ਵੀ ਛੁਟੀ ਆਇਆ ਸੀ ਪਰ ਉਹਨੇ ਮਾਂ ਨੂੰ ਕਿਹਾ ਸੀ ਕਿ ਉਹ ਇਕੇਂਵਾਰ ਨਹਾ ਕੇ ਹੀ ਆਏਗਾ ਤੇ ਸੁਸ਼ੀਲ ਨੂੰ ਮਿਲੇਗਾ ।

ਬਾਹਰ ਇਕ ਯੱਕੇ ਦੇ ਲੰਘਣ ਦੀ ਆਵਾਜ਼ ਆਈ ਮਾਲਤੀ ਇਕ ਦਮ ਚੀਕੀ, ਆਛਾ ਦਾ ਰੋਣਾ ਬੰਦ ਕਰਕੇ ਬਾਹਰ ਵਲ ਨਸਿਆ, ਪਰ ਯੱਕਾ ਅੱਗੇ ਲੰਘ ਗਿਆ । ਬੰਗੂ ਬਾਬੂ ਹਾਲੇ ਇਤਮੀਨਾਨ ਨਾਲ ਸੁਤੇ ਹੋਏ ਸਨ । ਉਹ ਜਾਣਦੇ ਸਨ ਕਿ ਅਜੇ ਤਾਂ ਸੱਤ ਹੀ ਵਜੇ ਹਨ ਜੇ ਗਡੀ ਠੀਕ ਸਮੇਂ ਤੇ ਆ ਵੀ ਗਈ ਤਾਂ ਵੀ ਘਰ ਪੁੱਜਦਿਆਂ ਪੁਜਦਿਆਂ ਸੁਸ਼ੀਲ ਨੂੰ ਅੱਧਾ ਘੰਟਾ ਹੋਰ ਲਗ ਜਾਏਗਾ, ਸੁਸ਼ੀਲ ਦੀ ਮਾਂ, ਮਾਲਤੀ ਤੇ ਆਛਾ ਕਈ ਵਾਰ ਬਾਹਰ ਗਲੀ ਵਿਚ ਆਏ ਤੇ ਕਈ ਵਾਰ ਅੰਦਰ ਗਏ ਤੇ ਅਖੀਰ ਮੰਗਲ ਦਾ ਯੱਕਾ ਗਲੀ ਦਾ ਮੋੜ ਮੁੜ ਕੇ ਆ ਹੀ ਗਿਆ, ਆਛਾ ਅਤੇ ਮਾਲਤੀ ਚੀਕੇ, "ਦਾਦਾ, ਦਾਦਾ"

ਸੁਸ਼ੀਲ ਨੇ ਮੰਗਲ ਨੂੰ ਪੈਸੇ ਦਿਤੇ ਤੇ ਯੱਕੇ ਤੋਂ ਉਤਰ ਪਿਆ। ਹੁਣ ਤੱਕ ਬੰਗੇ ਬਾਬੂ ਵੀ ਬਿਸਤਰਾ ਛੱਡ ਕੇ ਬਾਹਰ ਆ ਗਏ ਸਨ। ਸੁਸ਼ੀਲ ਨੇ ਸਾਰਿਆਂ ਨੂੰ ਪੈਰੀ ਪੈਣਾ ਕੀਤਾ। ਬੰਗੇ ਬਾਬੂ ਬੋਲੇ, "ਜੀਂਦੇ ਰਹੋ ਅੰਦਰ ਆ ਜਾ"

ਸੁਸ਼ੀਲ ਦੀ ਮਾਂ ਬੋਲੀ, "ਪੁੱਤ ਬੜਾ ਲਿੱਸਾ ਹੋ ਗਿਆ ਏਂ"

ਬਬੂਏ ਦੀ ਮਾਂ ਕੋਲੋਂ ਸੁਸ਼ੀਲ ਨੇ ਪੁਛਿਆ, "ਬਬੂਆ ਕਿਥੇ ਏ? ਬਸ ਹੁਣ ਤਾਂ ਪੜ੍ਹਾਈ ਖਤਮ ਕਰਨ ਵੀ ਵਲਾ ਹੋਣਾ ਏਂ ਉਹ ਵੀ"

ਬਬੂਏ ਦੀ ਮਾਂ ਬੋਲੀ "ਮੈਨੂੰ ਤਾਂ ਪਤਾ ਨਹੀਂ ਉਹ ਇਥੇ ਈ ਏ, ਤੂੰ ਆਪ ਪੁਛ ਲਈਂ, ਪਰ ਤੇਰਾ ਹੋਰ ਕਿੰਨਾਂ ਚਿਰ ਰਹਿ ਗਿਆ ਏ?"

ਸੁਸ਼ੀਲ ਨੇ ਦਸਿਆ ਕਿ ਇਕ ਸਾਲ ਹੋਰ ਰਹਿ ਗਿਆ ਏ, ਸੁਸ਼ੀਲ ਦੀ ਮਾਂ ਬੜੇ ਗੌਰਵ 'ਚ ਬੋਲੀ "ਮੇਰਾ ਸੁਸ਼ੀਲ ਡਾਕਟਰ ਬਣਨ ਜਾਂ ਰਿਹਾ ਏ, ਬਸ ਇਕ ਸਾਲ ਰਹਿ ਗਿਆ ਏ, ਫਿਰ ਉਹ ਵੀ ਸੋਨੇ ਦਾ ਪੈੱਨ ਵਰਤਿਆ ਕਰੇਗਾ, ਵਡੇ ਡਾਕਟਰ ਘੋਸ਼ ਵਾਂਗੂ"

ਸੁਸ਼ੀਲ ਝੱਟ ਬੋਲ ਪਿਆ, "ਮਾਂ ਪੈੱਨ ਤਾਂ ਮੇਰੇ ਕੋਲ ਅੱਗੇ ਹੀ ਹੈ" ਤੇ ਉਹਨੇ ਮਾਂ ਨੂੰ ਸੋਨੇ ਦੀ ਟੋਪੀ ਵਾਲਾ ਪੈਨ ਵਿਖਾਇਆ। ਸੁਸ਼ੀਲ ਦੀ ਮਾਂ ਨੇ ਖੁਸ਼ ਹੁੰਦਿਆਂ ਪੁਛਿਆ, "ਕਿੰਨੇ ਦਾ ਆਇਆ ਏ ਇਹ ਪੁੱਤ?" ਸੁਸ਼ੀਲ ਨੇ ਦਸਿਆ ਕਿ ਇਹੀ ਕੋਈ ਸੱਠ ਜਾਂ ਸੱਤਰ ਦਾ, ਉਹਨੂੰ ਪੱਕਾ ਯਾਦ ਨਹੀਂ ਸੀ। ਹਰ ਕੋਈ ਸੁਸ਼ੀਲ ਦੇ ਪੈੱਨ ਦੀ ਤਾਰੀਫ ਕਰ ਰਿਹਾ ਸੀ ਅਤੇ ਬਬੂਏ ਦੀ ਮਾਂ ਸੋਚ ਰਹੀ ਸੀ ਆਪਣੇ ਬਬੂਏ ਬਾਰੇ......... ਤੇ ਨਾਲ ਹੀ ਸੋਨੇ ਦੇ ਪੈੱਨ ਬਾਰੇ...

ਸੁਸ਼ੀਲ ਦੀ ਮਾਂ ਨੇ ਮਾਲਤੀ ਨੂੰ ਨਾਸ਼ਤਾ ਲਿਆਉਣ ਲਈ ਕਿਹਾ, ਪਰ ਸੁਸ਼ੀਲ ਤਾਂ ਨਾਸ਼ਤਾ ਸਟੇਸ਼ਨ ਤੋਂ ਹੀ ਕਰ ਆਇਆ ਸੀ। ਹੁਣ ਆਛਾ ਤੇ ਮਾਲਤੀ ਪੈੱਨ ਤੋਂ ਲੜ ਰਹੇ ਸਨ। ਸੁਸ਼ੀਲ ਨੇ ਲੜਾਈ ਹਟਾਉਣ ਲਈ ਕਿਹਾ, "ਆ ਬਈ ਆਛੇ ਮੈਂ ਤੈਨੂੰ ਘੜੀ ਦੇਵਾਂ ਜਿਹੜੀ ਪੈੱਨ ਤੋਂ ਵੀ ਵਧੀਆ ਏ" ਫਿਰ ਮਾਂ ਵਲ ਮੁੜ ਕੇ ਕਹਿਣ ਲਗਾ, "ਮਾਂ ਘੜੀ ਦੀ ਮੈਨੂੰ ਸਖਤ ਲੋੜ ਸੀ, ਇਹ ਤੂੰ ਬੜਾ ਚੰਗਾ ਕੀਤਾ ਕਿ ਜਨਮ ਦਿਨ ਤੇ ਘੜੀ ਘੱਲੀ ਮੇਰੇ ਸਾਰੇ ਦੋਸਤਾਂ ਨੇ ਇਸ ਨੂੰ ਬੜਾ ਪਸੰਦ ਕੀਤਾ ਏ"

ਬਬੂਏ ਦੀ ਮਾਂ ਚੁੱਪਚਾਪ ਸੁਣਦੀ ਰਹੀ, ਉਹਨੇ ਸੁਸ਼ੀਲ ਨੂੰ ਪੁਛਿਆ 'ਮੇਰਾ ਖ਼ਿਆਲ ਏ ਪੁੱਤ, ਤੂੰ ਲਖਨਊ ਏਂ, ਉਥੇ ਖਰਚਾ ਤਾਂ ਕਾਫੀ ਹੋ ਜਾਂਦਾ ਹੋਣਾ ਏਂ?"

"ਹਾਂ ਭੂਆ ਜੀ, ਸ਼ਹਿਰਾਂ ਵਿਚ ਖਰਚਾ ਤਾਂ ਬਹੁਤ ਹੁੰਦਾ ਏ" ਉਹਨੇ ਆਦਰ ਸਹਿਤ ਜਵਾਬ ਦਿਤਾ।

ਥੋੜੀ ਦੇਰ ਬਾਅਦ ਬਬੂਏ ਦੀ ਮਾਂ ਵਾਪਸ ਆ ਗਈ। ਉਹ ਬੁਹਤ ਉਦਾਸ ਸੀ। ਘਰ ਆਕੇ ਰੋਟੀ ਪਕਾਉਣ 'ਚ ਜੁੱਟ ਗਈ। ਬਬੂਆ ਕੁਝ ਦੇਰ ਨਾਲ ਮੁੜਿਆ, ਉਹਨੇ ਖੱਦਰ ਦਾ ਪਜਾਮਾ ਕਮੀਜ਼ ਪਾਇਆ ਸੀ ਅਤੇ ਉਹਦੇ ਕੋਲ ਸਬਜ਼ੀ ਦਾ ਥੈਲਾ ਸੀ।

ਬਬੂਏ ਦੀ ਮਾਂ ਨੇ ਕਿਹਾ, "ਬੜੀ ਦੇਰ ਲਾਕੇ ਆਇਆਂ ਏਂ, ਸੁਸ਼ੀਲ ਨੂੰ ਮਿਲ ਆਉਣਾ ਸੀ, ਉਹ ਤੈਨੂੰ ਪੁੱਛਦਾ ਪਿਆ ਸੀ।"

"ਹੁਣੇ ਚਲਾ ਜਾਵਾਂਗਾ ਮਾਂ" ਬਬੂਏ ਦਾ ਸੰਖੇਪ ਜਵਾਬ ਸੀ।

"ਬਬੂਆ ਪੁੱਤ"

"ਹਾਂ ਮਾਂ"

"ਤੂੰ ਹੋਰ ਕਿਨਾਂ ਚਿਰ ਪੜ੍ਹਨਾ ਏਂ?"

"ਬਸ ਇਕ ਸਾਲ ਹੋਰ ਮਾਂ, ਪਰ ਤੂੰ ਇਹ ਕਿਉਂ ਪੁਛਦੀ ਏਂ?"

"ਨਹੀਂ ਕੋਈ ਖਾਸ ਗਲ ਨਹੀਂ"

ਸੰਖੇਪ ਜਹੀ ਚੁੱਪ ਬਾਅਦ ਫੇਰ ਉਹ ਬੋਲੀ

"ਤੂੰ ਹੁਣ ਕਿਹੜੀ ਪੜ੍ਹਾਈ ਕਰ ਰਿਹਾ ਏਂ?"

"ਐਮ. ਏ. ਮਾਂ"

"ਉਹ ਤਾਂ ਬੜੀ ਔਖੀ ਪੜ੍ਹਾਈ ਹੋਣੀ ਏਂ—ਤੇ ਨਾਲੇ ਤੈਨੂੰ ਕੰਮ ਵੀ ਕਰਨਾ ਪੈਂਦਾ ਏ"

"ਨਹੀਂ ਮਾਂ, ਬਹੁਤੀ ਔਖੀ ਪੜ੍ਹਾਈ ਨਹੀਂ"

"ਔਖੀ ਕਿਉਂ ਨਹੀਂ, ਵੇਖ ਮੇਰੇ ਪੁੱਤ ਦੇ ਤਾਂ ਹੁਣੇ ਹੀ ਵਾਲ ਚਿੱਟੇ ਹੋ ਗਏ ਨੇ"

ਤੇ ਉਹ ਸਿਸਕੀਆਂ ਲੈਣ ਲਗ ਪਈ, ਬਬੂਆ ਨੇ ਹੌਂਸਲਾ ਦਿਤਾ।

"ਮਾਂ ਬਸ ਹੁਣ ਕੁਝ ਚਿਰ ਰਹਿ ਗਿਆ। ਸਭ ਠੀਕ ਹੋ ਜਾਏਗਾ।"

... ... ...

ਬਬੂਆ ਵਾਪਿਸ ਅਲਾਹਾਬਾਦ ਆ ਗਿਆ। ਉਹ ਯੂਨੀਵਰਸਟੀ ਦਾ ਖਰਚਾ ਚਲਾਉਣ ਲਈ ਟਿਊਸ਼ਨਾਂ ਕਰਦਾ, ਭਾਵੇਂ ਉਹਨੂੰ ਕੁਝ ਰਕਮ ਵਜ਼ੀਫਾ ਵੀ ਮਿਲਦਾ ਸੀ, ਉਹ ਜ਼ਿੰਦਗੀ ਵਲ ਸੰਜੀਦਾ ਸੀ, ਹੋਰਨਾਂ ਮੁੰਡਿਆਂ ਵਾਂਗ ਉਹਦੇ ਕੋਲ ਹੱਸਣ ਖੇਡਣ ਲਈ ਸਮਾਂ ਨਹੀਂ ਸੀ, ਘਰੋਂ ਉਹਨੂੰ ਬਾਕਾਇਦਾ ਚਿੱਠੀਆਂ ਆਂਦੀਆਂ ਸਨ, ਮਾਂ ਬੀਨਾਂ ਕੋਲੋਂ ਲਿਖਵਾਂਦੀ ਸੀ, ਬੜੀਆਂ ਤਸੱਲੀਆਂ ਹੁੰਦੀਆਂ ਉਨ੍ਹਾਂ ਵਿਚ ਕਿ ਉਹ ਘਰ ਦਾ ਬਿਲਕੁਲ ਫਿਕਰ ਨਾ ਰਖੇ, ਇਹ ਚਿੱਠੀਆਂ ਅਗੇ ਨਾਲੋਂ ਵਖਰੀਆਂ ਸਨ ਤੇ ਬਬੂਏ ਨੂੰ ਇਸ ਤਬਦੀਲੀ ਦੀ ਸਮਝ ਨਹੀਂ ਸੀ ਆ ਰਹੀ।

ਦੁਸਹਿਰੇ ਦੀਆਂ ਛੁੱਟੀਆ ਹੋਣ ਵਾਲੀਆਂ ਸਨ ਉਹ ਇਸੇ ਸ਼ਸ਼ੋਪੰਜ ਵਿਚ ਸੀ ਕਿ ਕੁਝ ਦਿਨਾਂ ਲਈ ਘਰ ਜਾਏ ਕਿ ਨਾ? ਪੜ੍ਹਾਈ ਅਤੇ ਖਰਚਾ ਦੋਵੇਂ ਗਲਾਂ ਸਨ, ਹਾਲੀ ਉਹ ਇਸ ਸੋਚ ਵਿਚ ਹੀ ਸੀ ਕਿ ਮਾਂ ਦਾ ਸਤੱਰ ਰੁਪੈ ਦਾ ਮਨੀਆਰਡਰ ਆ ਗਿਆ ਤੇ ਨਾਲ ਹੀ ਮਨੀਆਰਡਰ ਦੇ ਥੱਲੇ ਇਹ ਸੰਦੇਸ਼ ਸੀ ਕਿ ਉਹ ਸੋਨੇ ਦਾ ਪੈੱਨ ਅਤੇ ਘੜੀ ਜ਼ਰੂਰ ਖਰੀਦ ਲਵੇ।

ਬਬੂਏ ਨੂੰ ਇਸ ਗਲ ਦਾ ਬੜਾ ਦੁੱਖ ਹੋਇਆ ਕਿਉਂਕਿ ਉਸਨੂੰ ਪਤਾ ਸੀ ਕਿ ਮਾਂ ਨੇ ਕਿੰਝ ਜੱਫਰ ਜਾਲਕੇ ਇਹ ਪੈਸੇ ਭੇਜੇ ਹੋਣੇ ਹਨ, ਉਸੇ ਵਕਤ ਉਹਨੇ ਘਰ ਜਾਣ ਦੀ ਠਾਨ ਲਈ।

ਬਬੂਆ ਘਰ ਆਇਆ ਸੀ, ਮਾਂ ਨੂੰ ਚਾਅ ਸੀ, ਉਹਨੇ ਸਾਰਿਆਂ ਨਾਲੋਂ ਪਹਿਲਾਂ ਉਹ ਸਵਾਲ ਕੀਤਾ।

"ਬਬੂਆ ਤੂੰ ਪੈੱਨ ਅਤੇ ਘੜੀ ਲੈ ਲਈ ਏ ਨਾ?"

"ਮਾਂ ਮੈਨੂੰ ਉਹਨਾਂ ਦੀ ਕੀ ਲੋੜ ਏ?" 'ਬਬੂਆ ਨੇ ਕਿਹਾ ਤੇ ਫੇਰ ਉਹਨੇ ਬੀਨਾਂ ਨੂੰ ਕੋਲ ਬੁਲਾਇਆ।

"ਭਲਾ ਬੁਝ ਖਾਂ ਮੇਰੀ ਮੁਠੀ 'ਚ ਕੀ ਏ?"

ਬੀਨਾਂ ਦੇ ਦਸਣ ਤੋਂ ਪਹਿਲਾਂ ਹੀ ਬਬੂਏ ਨੇ ਮੁੱਠੀ ਖੋਲ੍ਹੀ ਤੇ ਵਾਲੀਆਂ ਦਾ ਇਕ ਜੋੜਾ ਬੀਨਾਂ ਨੂੰ ਫੜਾਂ ਦਿਤਾ ਬਬੂਏ ਦੀ ਮਾਂ ਨੇ ਇਕ ਠੰਡਾ ਸਾਹ ਭਰਿਆ ਤੇ ਚੁੱਪ ਹੋ ਗਈ ਉਹਨੇ ਆਪਣੀਆਂ ਵਾਲੀਆਂ ਵੇਚਕੇ ਬਬੂਏ ਨੂੰ ਸੱਤਰ ਰੁਪੈ ਭੇਜੇ ਸਨ।

★

# ਦੋ ਕਵਿਤਾਵਾਂ

ਤੇਜਬੀਰ ਕਸੇਲ

## *ਜੀਵਨ-ਕਾਲ*

ਮੈਂ ਸੂਰਜ ਡੁਬਦੇ ਵੇਲੇ ਮਿਣਿਆ
ਆਪਾ ਗਿਠ ਮੁਠੀਆ
ਪਰਛਾਵਾਂ ਲੰਬਾ।
ਇਕ ਬੁਢਾ
ਮਰੋੜ ਤਰੋੜੇ ਕਾਗਜ਼ ਵਰਗੇ ਹੱਥਾਂ 'ਚ
ਖੁਸ਼ਕ ਢਾਂਗਾ ਲੈ ਕੇ ਆਇਆ
ਗੀਂਢਾ ਆਪਾ ਛਾਂਗ ਲਿਆ
ਪਰਛਾਵਾਂ ਪਿਆ ਰਿਹਾ।

## *ਫੁਲਾਂ ਵਾਲੀ ਕੁੜੀ*

ਫੁਲਾਂ ਦੀ ਟੋਕਰੀ ਵਾਲੀ ਕੁੜੀ
ਜਦ ਵਿਆਹ ਦਿਤੀ ਗਈ
ਤਾਂ ਸੁਹਾਗ ਰਾਤ ਦੇ ਬਿਸਤਰੇ 'ਚੋਂ ਉਠ
ਖੁਸ਼ੀ ਖੁਸ਼ੀ ਰੰਗਾਂ ਸੁਗੰਧਾਂ ਤੋਂ
ਬਾਹਰ ਨੂੰ ਦੌੜ ਗਈ
ਤਾਰਿਆਂ ਵਾਲੀ ਰਾਤੜੀ ਦੀ ਝਿਲਮਿਲ ਲਈ ਰੀਝਦੀ।
ਤੇ ਘਾਟ ਤੇ ਖੜੀ ਕਿਸ਼ਤੀ ਦੇ ਬਾਦਬਾਨ ਖਿਲਾਰ
ਦਰਿਆ ਪਾਰ ਵਾਲੇ ਬਨ 'ਚ ਜਾ ਗੁੰਮ ਹੋਈ
ਤੇ ਫਿਰ ਕਦੀ ਕਿਸੇ ਨੂੰ ਉਹ ਨਹੀਂ ਦਿਸੀ।

## ਕਹਾਣੀ/**ਹੁਧਾਰ**/ਸਬਿੰਦਰ ਜੀਤ 'ਸਾਗਰ'

ਜ਼ਿਆਦਾ ਚਿਰ ਉਸਦੀਆਂ ਨਜ਼ਰਾਂ ਰੀਟਾ ਤੇ ਸਥਿਰ ਨਹੀਂ ਰਹਿ ਸਕੀਆਂ ਹਨ, ਦਰਵਾਜ਼ੇ 'ਚੋਂ ਪਾਸੇ ਹੋ ਕੇ ਉਸਨੇ ਰਾਹ ਛੱਡ ਦਿੱਤੀ ਹੈ, ਚੁੱਪ-ਚਾਪ, ਸਿਰ ਨੀਵਾਂ ਪਾਈ, ਕਮਰੇ ਵਿਚ ਦਾਖਲ ਹੋ ਕੇ ਉਹ ਸੋਫੇ ਤੇ ਢਹਿ ਪਈ ਹੈ, ਛੱਤ ਨਾਲ ਲੱਗੇ ਪੱਖੇ ਨੂੰ ਚਲਦਿਆਂ ਵੇਖ ਉਸ ਕਿਹਾ ਹੈ---'ਅੱਜ ਦੀ ਸ਼ਾਮ ਤੇਰੀ ਏ, ਦਲੀਪ, ਤੇ ਅੱਜ ਦੀ ਰਾਤ .....''

ਉਹ ਚੁੱਪ ਹੋ ਗਈ ਹੈ, ਅਧੂਰੀ ਗੱਲ ਦਾ ਭਾਵ ਟੇਬਲ ਤੇ ਪਈ ਟਾਈਮਪੀਸ ਦੀ ਟਿਕ ਟਿਕ ਵਾਂਗ ਸਪਸ਼ਟ ਹੈ, ਪਰ ਫਿਰ ਵੀ ਉਜੜੇ ਚਿਹਰੇ ਤੇ ਉਸ ਦੀਆਂ ਜਿਗਿਆਸਾ ਭਰੀਆਂ ਨਜ਼ਰਾਂ ਟਿਕ ਗਈਆਂ ਹਨ, ਬੇਜਾਨ ਭਾਵ ਸੱਖਣਾ ਚਿਹਰਾ, ਸੁੱਜੀਆਂ ਅੱਖਾਂ, ਬੁੱਲ੍ਹਾਂ ਤੋਂ ਬਾਹਰ ਫੈਲੀ ਲਿਪਸਟਿਕ ਮੱਧਮ, ਬਾਰੀ ਰਾਹੀਂ ਆਉਂਦੀ, ਡੁੱਬਦੇ ਸੂਰਜ ਦੀ ਲਾਲੀ, ਚੌੜੀ ਰੇਖਾ ਦੇ ਰੂਪ ਵਿਚ, ਫਰਸ਼ ਤੇ ਰੀਂਗਦੀ, ਹਲਕੀ ਨੀਲੀ ਸਾੜ੍ਹੀ ਨੂੰ ਜਾਮਨੀ ਭਾਅ ਬਖਸ਼ਦੀ ਉਸਦੇ ਚਿਹਰੇ ਨੂੰ ਨਿਸਤੇਜ ਬਣਾ ਰਹੀ ਹੈ।

ਗਲ ਛੇੜਨ ਬਾਰੇ ਸੋਚਦਿਆਂ ਉਹ ਬਾਰੀ ਤੇ ਆ ਗਿਆ ਹੈ, ਸਿਗਰੇਟ ਬਾਲ ਕੇ ਉਸ ਬਾਹਰ ਤੱਕਿਆ ਹੈ, ਬਾਲਕਨੀ ਵਿਚ ਰੇਲਿੰਗ ਤੇ ਫੁੱਲਾਂ, ਕੂੜੇ ਤੇ ਹੋਰ ਕਈ ਕੁਝ ਸੁੱਕਣੇ ਪਿਆ ਹੈ, ਖੱਬੇ ਪਾਸੇ ਪੌੜੀਆਂ ਹੇਠਾਂ ਨੂੰ ਚਲੀਆਂ ਗਈਆਂ ਹਨ, ਲਾਅਨ ਦੀ ਨਰਮ ਘਾ ਨੂੰ ਸਪਰਸ਼ ਕਰਕੇ ਸੂਰਜ ਦੀ ਲਾਲੀ ਅਲਵਿਦਾ ਆਖ ਰਹੀ ਹੈ, ਬਹੁਤ ਸਾਰੇ ਬੱਚੇ ਆਪਣੀਆਂ ਖੇਡਾਂ ਵਿਚ ਰੁੱਝੇ ਹੋਏ ਹਨ, ਰੰਗ-ਬਰੰਗੇ ਵਸਤਰਾਂ ਵਿਚ ਉਨ੍ਹਾਂ ਦੇ ਬੇਫਿਕਰ ਚਿਹਰੇ ਅਤੇ ਉਸਦਾ ਚਿਹਰਾ......? ਉਹ ਫਿਰ ਉਸ ਬਾਰੇ ਸੋਚਣ ਲੱਗ ਗਿਆ ਹੈ, ਉਸਦਾ ਚਿਹਰਾ ਇੰਞ ਕਿਉਂ ਏ ?

ਪਹਿਲੀ ਵੇਰ ਜਦ ਉਹ ਮਿਲੀ ਸੀ ਤਾਂ ਇਸ ਹਾਲਤ ਵਿਚ ਨਹੀਂ ਸੀ, ਪਹਿਲਾਂ ਮਿਲੀ ਕਦ ਸੀ ? ਤੇ ਕਿਥੇ ? ਉਸ ਬਥੇਰਾ ਸੋਚਿਆ ਹੈ ਪਰ ਕਿਸੇ ਨਿਸਚਿਤ ਦਿਨ ਜਾਂ ਥਾਂ ਬਾਰੇ ਉਸਦਾ ਵਿਸ਼ਵਾਸ ਨਹੀਂ ਬੱਝਾ ਜਿਸ ਘਟਨਾ ਨੂੰ ਉਹ ਪਹਿਲੀ ਕਰਾਰ ਦੇਂਦਾ ਹੈ ਉਸ ਤੋਂ ਵੀ ਪਹਿਲਾਂ ਦੀ ਕੋਈ ਗਲ ਉਸਨੂੰ ਯਾਦ ਆ ਜਾਂਦੀ ਹੈ, ਇਸ ਤਰ੍ਹਾਂ ਪਹਿਲੀ ਗਲ ਝੂਠੀ ਸਾਬਿਤ ਹੋ ਜਾਂਦੀ ਹੈ ਫਿਰ ਉਹ ਸੋਚਣਾ ਹੀ ਵਿਅਰਥ ਸਮਝਦਾ ਹੈ, ਪਰ ਅੱਜ ਦਾ ਉਸਦਾ ਚਿਹਰਾ ?

ਉਹ ਸਿਗਰੇਟ ਦਾ ਲੰਮਾ ਕਸ਼ ਲੈਂਦਾ ਹੈ।

ਬੱਚੇ ਪਤੰਗ ਉਡਾਉਂਦੇ ਪਏ ਹਨ, ਟੈਲੀਫੋਨ ਦੀਆਂ ਤਾਰਾਂ ਵਿਚ ਫਸੀ ਹੋਈ ਪਤੰਗ ਵੀ ਉਨ੍ਹਾਂ ਵਿਚੋਂ ਕਿਸੇ ਇਕ ਦੀ ਹੀ ਹੋਵੇਗੀ, ਕਿਤਨੇ ਦਿਨਾਂ ਤੋਂ ਹੀ ਹਵਾ ਵਿਚ ਕੰਬਦੀ ਰਹਿੰਦੀ ਹੈ, ਪਰ ਕਲ ਮੀਂਹ ਵਸਣ ਕਰਕੇ ਕਮਾਨੀਆਂ ਨੇ ਕਾਗਜ਼ ਦਾ ਸਾਥ ਛੱਡ ਦਿੱਤਾ ਹੈ, ਤੇ ਹੁਣ ਉਸਦੀ ਸਰਸਰਾਹਟ ਵੀ ਬੇਸੁਰੀ ਜਾਪਦੀ ਹੈ।

ਗੱਲ ਸ਼ੁਰੂ ਕਰਨਾ ਵੀ ਉਸਦੀ ਇਕ ਟ੍ਰੇਜਡੀ ਹੈ, ਇਸ ਕਮਜ਼ੋਰੀ ਦਾ ਸ਼ਿਕਾਰ ਉਹ ਸ਼ੁਰੂ ਤੋਂ ਹੀ ਹੈ।

ਸ਼ਾਇਦ ਉਸਨੇ ਰੀਟਾ ਨੂੰ ਪਹਿਲਾਂ ਮਾਨਹੋ ਕਲੱਬ ਵਿਚ ਨੱਚਦਿਆਂ ਵੇਖਿਆ ਸੀ, ਉੱਚਾ ਜੂੜਾ, ਫਿੱਕੀ ਨੀਲੇ ਰੰਗ ਦੀ ਪਲੇਨ ਸਾੜ੍ਹੀ, ਮੈਚ ਕਰਦਾ ਕਾਰਡੀਗਨ, ਉੱਚੀ ਹੀਲ ਵਾਲੀ ਜੁੱਤੀ, ਉਸ ਵਿਚ ਇਕ ਖਾਸ ਗੱਲ ਸੀ, ਜੋ ਉਸ ਵੇਲੇ ਉਸਨੂੰ ਪਸੰਦ ਆਈ ਸੀ, ਸ਼ਾਇਦ ਉਸਦਾ ਬੜੀ ਮਸਤੀ ਵਿਚ ਨੱਚਣਾ, ਜਾਂ ਫਿਰ ਬੜੀ ਅਦਾ ਨਾਲ ਤੱਕਣਾ, ਤੇ ਪੋਲੇ ਪੋਲੇ ਬੁਲ੍ਹਾਂ ਨਾਲ ਉਸਦਾ ਗੱਲ ਕਰਨਾ, ਜਿਵੇਂ ਕੇਵਲ ਆਵਾਜ਼ ਹੀ ਵਾਤਾਵਰਨ ਵਿਚ ਖਿੱਲਰਦੀ ਹੋਵੇ ਇਕ ਮਹਿਕ ਵਾਂਗ।

ਸਿਗਰੇਟ ਦੇ ਟੋਟੇ ਨੂੰ ਬਾਰੀ ਤੋਂ ਬਾਹਰ ਸੁੱਟਕੇ, ਉਸ ਕਮਰੇ ਵਿਚ ਫੇਰੇ ਵੇਖਿਆ ਹੈ, ਉਹ ਅਹਿਸਾਸ ਕਰਦਾ ਹੈ ਜਿਵੇਂ ਕਮਰੇ 'ਚ ਕੁਝ ਹਨੇਰਾ ਹੋ ਗਿਆ ਹੈ, ਸ਼ਾਇਦ ਇਹ ਉਹਦਾ ਵਹਿਮ ਹੀ ਹੋਵੇ, ਡੁੱਬਦੇ ਸੂਰਜ ਦੀ ਲਾਲੀ ਨਾਲ ਕਮਰਾ ਹਾਲੀ ਵੀ ਰੌਸ਼ਨ ਹੈ, ਉਸਦੀ ਸਾੜ੍ਹੀ ਦੀਆਂ ਸਲਵਟਾਂ ਸਾਫ ਨਜ਼ਰ ਆਉਂਦੀਆਂ ਹਨ, ਜਿਵੇਂ ਉਹ ਸੁੱਤੀ ਪਈ ਉੱਠ ਆਈ ਹੋਵੇ, ਚਿਹਰੇ ਤੇ ਵੀ ਉਨੀਂਦੇ ਪਨ ਦਾ ਪਰਛਾਵਾਂ ਸਾਫ ਨਜ਼ਰ ਆਉਂਦਾ ਹੈ।

ਪੱਖੇ ਦੀ ਘੂਕਰ ਉਸਦੇ ਦਿਲ ਦੀ ਧੜਕਨ ਨਾਲ ਰਲ ਕੇ ਕਮਰੇ ਦੀ ਹਰ ਚੀਜ਼ ਤੇ ਹਾਵੀ ਹੁੰਦੀ ਜਾ ਰਹੀ ਪ੍ਰਤੀਤ ਹੁੰਦੀ ਹੈ, ਕਈ ਛਿਣ ਵੀ ਮਨੁੱਖ ਤੇ ਹਾਵੀ ਹੋ ਜਾਂਦੇ ਹਨ, ਚੁੱਪੀ ਦੇ ਇਹ ਹਾਵੀ ਹੋਏ ਛਿਣ ਜਿਵੇਂ ਉਸਦਾ ਗਲ ਘੁਟਨ ਲੱਗ ਪੈਂਦੇ ਹਨ।

"ਕੀ ਪੀਏਂਗੀ, ਰੀਟਾ ?"

"ਕੁਝ ਨਹੀਂ......ਤਿਆਰ ਹੋ ਜਾਓ, ਚੱਲੀਏ..." ਉਹ ਆਪਣੀਆਂ ਪਤਲੀਆਂ ਨਿੱਕੀਆਂ ਉਂਗਲਾਂ ਨੂੰ ਗਹੁ ਨਾਲ ਤੱਕਦੀ ਪਈ ਹੈ, ਉਹ 'ਕਿੱਥੇ' ਇਸ ਅੰਦਾਜ਼ ਨਾਲ ਪੁੱਛਦਾ ਹੈ ਜਿਵੇਂ ਗੱਲ ਉਸਦੀ ਸਮਝ 'ਚ ਨਹੀਂ ਆਈ ਹੈ, ਫਿਰ ਉਹ ਉਸਦੀ ਤੱਕਣੀ ਤੋਂ ਘਬਰਾ ਜਾਂਦਾ ਹੈ—"ਮੇਰਾ ਮਤਲਬ ਹੈ, ਕਿੱਥੇ ਚੱਲੀਏ ! ਤੇਰਾ ਕੀ ਪ੍ਰੋਗ੍ਰਾਮ ਏ......" ਉਸਨੇ ਮਹਿਸੂਸ ਕੀਤਾ ਜਿਵੇਂ ਉਸਦੇ ਬੁਲ੍ਹ ਬਹੁਤ ਖੁਸ਼ਕ ਹੋ ਗਏ ਹਨ ਤੇ ਗਲ ਕਰਨ ਨਾਲ ਉਸ ਤੇ ਪਈਆਂ ਪੇਪੜੀਆਂ ਚਟਕਣ ਲੱਗ ਪੈਂਦੀਆਂ ਹਨ। ਬੁਲ੍ਹਾਂ ਤੇ ਉਹ ਆਪਣੀ ਜ਼ਬਾਨ ਫੇਰਦਾ ਹੈ, ਉਸਦਾ ਨਿਰਾ ਵਹਿਮ ਏ......ਬੁਲ੍ਹ ਤਾਂ ਉਂਞ ਹੀ ਹਨ......

"ਜਿੱਥੇ ਤੇਰਾ ਜੀ ਕਰਦਾ ਏ ! ਮੈਂ ਤੈਨੂੰ ਇਕ ਵੇਰ ਇਕ ਦਿਨ ਦੇਣ ਦਾ ਵਾਇਦਾ ਕੀਤੀ ਸੀ, ਸੋ ਅੱਜ ਦੀ ਰਾਤ ਤੇਰੀ ਏ..." ਉਸਦੇ ਉੱਤਰ ਵਿਚ ਇਕ ਚਿੜ ਹੈ ਜੋ ਸ਼ਾਇਦ ਅੱਜ ਦੇ ਉਸਦੇ ਵਤੀਰੇ ਕਾਰਨ ਹੈ।

ਪਲੰਗ ਤੇ ਵਿਛੀ ਚਾਦਰ ਤੇ ਪਏ ਵੱਟਾਂ ਵਾਂਗ ਚੁੱਪੀ ਦੇ ਛਿਣ ਹਾਲੀ ਵੀ ਉਸਦੇ ਚੁਫੇਰੇ ਖਿੱਲਰੇ ਹੋਏ ਹਨ, ਉਹ ਉਸਨੂੰ ਬੈਠੇ ਰਹਿਣ ਲਈ ਕਹਿ ਕੇ ਤਿਆਰ ਹੋਣ ਬਾਥਰੂਮ ਚਲਾ ਜਾਂਦਾ ਹੈ।

ਹੁਣ ਉਹ ਕਮਰੇ ਵਿਚ ਪਰਤ ਆਇਆ ਹੈ, ਰੀਟਾ ਅੱਖਾਂ ਮੀਟੀ ਸੋਫੇ ਤੇ ਬੈਠੀ ਹੈ, ਉਸਦੀ ਸਾੜ੍ਹੀ ਦਾ ਪੱਲਾ ਖਿਸਕ ਕੇ ਅੱਧਾ ਸੋਫੇ ਤੇ ਅਤੇ ਅੱਧਾ ਫਰਸ਼ ਤੇ ਖਿੱਲਰ ਗਿਆ ਹੈ, ਚਿਹਰੇ ਤੇ ਆਈ ਲਿਟ ਹਵਾ ਵਿਚ ਕੰਬਦੀ ਪਈ ਹੈ, ਪੱਖਾ ਪੂਰੀ ਸਪੀਡ ਤੇ ਹੈ, ਪਰ ਰੀਟਾ ਦੇ ਮੱਥੇ ਤੇ ਪਸੀਨੇ ਦੀਆਂ ਬੂੰਦਾਂ ਚਮਕ ਰਹੀਆਂ ਹਨ।

ਬਾਥਰੂਮ ਜਾਣ ਤੋਂ ਪਹਿਲਾਂ ਉਸਨੇ ਗੁਪਤਾ ਬਾਬੂ ਦੇ ਨੌਕਰ ਨੂੰ ਚਾਹ ਲਿਆਉਣ ਲਈ ਕਿਹਾ ਸੀ, ਵਾਲਾਂ ਨੂੰ ਸਵਾਰਦਾ ਉਹ ਚਿਹਰੇ ਨੂੰ ਸ਼ੀਸ਼ੇ ਵਿਚ ਗਹੁ ਨਾਲ ਵੇਖਦਾ ਹੈ, ਅੱਖਾਂ ਹੇਠ ਕਾਲਖ ਖਿੱਲਰ ਗਈ ਹੈ, ਸ਼ੇਵ ਵੀ ਕਾਫੀ ਵਧ ਗਈ ਹੈ। ਟਾਈ ਨੂੰ ਨਾਟ ਦੇਂਦਿਆਂ ਉਸ ਸੋਚਿਆ ਹੈ ਕਿ ਔਰਤ ਤੇ ਟਾਈ ਵਿਚ ਕੋਈ ਖਾਸ ਫਰਕ ਨਹੀਂ। ਟਾਈ ਔਰਤ ਵਾਂਗ ਇਕ ਫੰਦਾ ਹੈ ਫਿਰ ਵੀ ਲੋਕ ਉਸਨੂੰ ਗੱਲ ਵਿਚ ਪਾਉਣਾ ਪਸੰਦ ਕਰਦੇ ਹਨ।

ਨੌਕਰ ਚਾਹ ਰੱਖ ਗਿਆ ਹੈ, ਉਸਦੀ ਆਵਾਜ਼ ਸੁਣ ਕੇ ਰੀਟਾ ਨੇ ਅੱਖਾਂ ਖੋਲ੍ਹ ਲਈਆਂ ਹਨ, ਫਿਰ ਉਸ ਅੰਗ-ੜਾਈ ਲੈ ਕੇ ਉਸ ਵੱਲ ਵੇਖਿਆ ਹੈ।

ਲਾਅਨ ਵਿਚ ਬੱਚੇ ਹਾਲੀ ਵੀ ਖੇਡਦੇ ਪਏ ਹਨ, ਰੰਗ-ਬਰੰਗੇ ਕੱਪੜਿਆਂ ਵਿਚ ਲਿਪਟੇ, ਬੇਫਿਕਰ ਚਿਹਰੇ, ਸੂਰਜ ਡੁੱਬ ਚੁੱਕਾ ਹੈ, ਪਰ ਲਾਲੀ ਹਾਲੀ ਵੀ ਆਸ-ਮਾਨ ਤੇ ਪਾਨ ਦੀ ਪੀਕ ਵਾਂਗ ਖਿਲਰੀ ਹੋਈ ਹੈ, ਲਾਲੀ ਦਾ ਇਕ ਚੌਰਸ ਟੋਟਾ ਬਾਰੀ ਰਾਹੀਂ ਹੁੰਦਾ, ਰੀਟਾ ਦੇ ਚਿਹਰੇ ਤੇ ਵਾਲਾਂ ਨੂੰ ਛੂਹ ਰਿਹਾ ਹੈ।

ਰੀਟਾ ਚਾਹ ਬਣਾ ਰਹੀ ਹੈ, ਕੁਰਸੀ ਟੇਬਲ ਕਰੀਬ ਖਿਸਕਾ ਕੇ ਉਹ ਬੈਠ ਜਾਂਦਾ ਹੈ, ਰੀਟਾ ਖਾਮੋਸ਼ ਹੈ, ਬਹੁਤ ਕਰੀਬ ਤੋਂ ਉਹ ਵੇਖਦਾ ਹੈ ਕਿ ਉਸਦੇ ਬੁਲ੍ਹਾਂ ਤੇ ਸਿੱਕੜ ਆਏ ਹਨ, ਗੱਲ੍ਹਾਂ ਪਾਸੇ ਦੀਆਂ ਹੱਡੀਆਂ ਉੱਭਰ ਆਈਆਂ ਹਨ, ਕਿੰਨੀ ਬਦਲ ਗਈ ਹੈ ਰੀਟਾ, ਜਦ ਪਹਿਲੀ ਵੇਰ ਉਸਨੇ ਉਸਨੂੰ ਵੇਖਿਆ ਸੀ ਤਾਂ 'ਵੀਨਸ' ਕਿਹਾ ਸੀ, ਪਰ ਹੁਣ ਕੀ ਕਹੇ ਉਸ ਦੀ ਸਮਝ ਵਿਚ ਨਹੀਂ ਆਇਆ।

ਉਹ ਚਾਹ ਦਾ ਘੁੱਟ ਭਰਦਾ ਹੈ।

ਕਮਰੇ ਦੀ ਹਰ ਚੀਜ਼ ਆਪਣੀ ਥਾਂ ਤੇ ਪਈ ਹੈ, ਅੱਜ ਐਤਵਾਰ ਹੋਣ ਕਾਰਨ ਉਸਨੇ ਸਾਰੇ ਕਮਰੇ ਦੀ ਸਵੇਰੇ ਸਫਾਈ ਕੀਤੀ ਸੀ, ਕਮਰੇ ਵਿਚ ਖਿੱਲਰੇ ਸਿਗਰੇਟ ਦੇ ਟੋਟੇ ਕੂੜੇ ਦੇ ਡੱਬੇ ਵਿਚ ਹੂੰਝ ਕੇ ਸੁੱਟੇ ਸਨ, ਸਫਾਈ ਕਰਕੇ ਸ਼ਾਇਦ ਉਸਨੇ ਚੰਗਾ ਹੀ ਕੀਤਾ ਸੀ।

ਚਾਹ ਪੀਂਦੀ ਹੋਈ ਉਹ ਮੇਜ਼-ਪੋਸ਼ ਤੇ ਕੱਢੀਆਂ ਹੋਈਆਂ ਉੱਡਦੀਆਂ ਚਿੜੀਆਂ ਨੂੰ ਬੜੇ ਗਹੁ ਨਾਲ ਤੱਕ ਰਹੀ ਹੈ ਤੇ ਉਹ ਬੂਹੇ ਦੇ ਪਰਦੇ ਦਾ ਹਿਲਣਾ-ਜੁਲਣਾ।

ਪਰਦਾ ਹਟਾ ਕੇ ਰਮੇਸ਼ ਬਾਬੂ ਦੀ ਧੀ ਨੀਲੂ ਅੰਦਰ ਆਈ ਹੈ, ਠਿਠਕੀ ਹੈ ਤੇ ਫਿਰ ਉਸਦੇ ਇਸ਼ਾਰਾ ਕਰਨ ਤੇ ਝਿਜਕਦੀ ਹੋਈ ਉਸਦੀ ਕਰਸੀ ਦੇ ਨਾਲ ਲਗ ਗਈ ਹੈ, ਫਿਰ ਹੌਲੀ ਜਿਹੀ ਪੁਛਿਆ ਹੈ— " ਅੰਕਲ ਜੀ ਇਹ ਕੌਣ ਹਨ ?"

" ਤੇਰੀ ਆਂਟੀ !" ਉਸ ਤੋਂ ਪਹਿਲਾਂ ਹੀ ਰੀਟਾ ਨੇ ਜਵਾਬ ਦੇ ਦਿੱਤਾ ਹੈ, ਚੌਂਕ ਕੇ ਉਸਨੇ ਉਸ ਵਲ ਵੇਖਿਆ ਹੈ, ਰੀਟਾ ਦੀਆਂ ਅੱਖਾਂ ਵਿਚ ਇਕ ਚਮਕ ਹੈ, ਉਸਨੇ ਫਿਰ ਨੀਲੂ ਤੋਂ ਪੁਛਿਆ ਹੈ— " ਬੇਬੀ, ਕੀ ਨਾਂ ਏ ਤੇਰਾ ?"

" ਨਲਿਨੀ !"

" ਬੜਾ ਪਿਆਰਾ ਨਾਂ ਏ !"

" ਮੇਰੀ ਮੰਮੀ ਨੇ ਜੁ ਰੱਖਿਆ ਏ !"

ਤੇ ਹੁਣ ਨੀਲੂ ਦਸ ਰਹੀ ਹੈ ਕਿ ਉਸਦੇ ਡੈਡੀ ਨੇ ਚਮੜੇ ਦਾ ਨਿੱਕਾ ਅਟੈਚੀ ਮੰਗਵਾਇਆ ਹੈ, ਦੋ ਕੁ ਦਿਨਾਂ ਲਈ ਉਨ੍ਹਾਂ ਨੇ ਕਿਤੇ ਜਾਣਾ ਹੈ, ਅਕਸਰ ਕਲੋਨੀ ਦਾ ਕੋਈ ਨ ਕੋਈ ਉਸ ਪਾਸੋਂ ਕੁਝ ਨ ਕੁਝ ਮੰਗਣ ਆ ਜਾਂਦਾ ਹੈ, ਉਹ ਕਿਸੇ ਨੂੰ ਵੀ ਨਾਂਹ ਨਹੀਂ ਕਰਦਾ, ਨੀਲੂ ਨੂੰ ਵੀ ਉਸਨੇ 'ਖਾਲੀ ਕਰਕੇ ਕੱਲ ਦੇਣ ਲਈ ਕਿਹਾ ਹੈ।

ਨੀਲੂ ਚਲੀ ਜਾਂਦੀ ਹੈ ਤਾਂ ਉਹ ਰੀਟਾ ਨੂੰ ਕਹਿੰਦਾ ਹੈ— " ਚਲੋ ਚੱਲੀਏ........."

... ... ...

ਉਸਨੇ ਜ਼ਰਾ ਕੁ ਰੁਕਕੇ ਸਿਗਰੇਟ ਬਾਲਿਆ ਹੈ, ਰੀਟਾ ਵਲ ਤਕਿਆ ਹੈ।

ਹਸਪਤਾਲ ਦੀ ਵਿਸ਼ਾਲ ਇਮਾਰਤ ਵਿਚੋਂ ਬਹੁਤ ਸਾਰੇ ਲੋਕ ਨਿਕਲਦੇ ਪਏ ਹਨ। ਇੰਨ੍ਹਾਂ ਦਾ ਕੋਈ ਨ ਕੋਈ ਦੁਰਘਟਨਾ ਦਾ ਸ਼ਿਕਾਰ ਹੋਇਆ ਹੋਵੇਗਾ। ਸਹਿਸਾ ਉਸ ਅਨੁਭਵ ਕੀਤਾ ਹੈ ਕਿ ਹਰ ਕੋਈ ਹੀ ਅਪਾਹਜ ਹੈ। ਸਰੀਰਕ ਤੌਰ ਤੇ ਨਾ ਸਹੀ, ਮਾਨਸਿਕ ਤੌਰ ਤੇ ਹੀ। ਹੁਣ ਰੀਟਾ ਦਾ ਚਿਹਰਾ ਪਹਿਲਾਂ ਨਾਲੋਂ ਘਟ ਬੁਝਿਆ ਜਾਪ ਰਿਹਾ ਹੈ। ਅਨਮਨੀ ਤੌਰ ਤੇ ਸਾੜ੍ਹੀ ਦਾ ਪੱਲਾ ਖੱਬੇ ਹੱਥ ਤੇ ਖਿੱਲਰਿਆ ਹੈ।

ਸਿਗਰੇਟ ਦਾ ਇਕ ਲੰਮਾ ਕਸ਼ ਲੈ ਕੇ ਉਹ ਜੀ. ਟੀ. ਰੋਡ ਦੇ ਦੋਵੇਂ ਪਾਸੇ ਦੂਰ ਤੱਕ ਚਲੇ ਗਏ ਬਾਜ਼ਾਰ ਨੂੰ ਵੇਖਣ ਲਗ ਪੈਂਦਾ ਹੈ। ਤੰਗ ਬਾਜ਼ਾਰ ਵੀ ਕਿੰਨਾ ਰੌਣਕੀਲਾ ਹੈ। ਕਦੀ ਉਹ ਰੀਟਾ ਦਾ ਪਿੱਛਾ ਕਰਦਾ ਇਨ੍ਹਾਂ ਰਾਹਵਾਂ ਥਾਣੀ ਗੁਜ਼ਰਦਾ ਸੀ, ਤੇ ਫਿਰ ਜਦ ਉਹ ਰਾਜਨ ਨਾਲ ਆਉਣ ਲਗ ਪਈ ਸੀ ਤਾਂ ਵੀ ਉਸਨੇ ਪਿੱਛਾ ਕਰਨਾ ਛੱਡਿਆ ਨਹੀਂ ਸੀ। ਹੁਣ ਇਹ ਸਭ ਇਕ ਪਾਗਲਪਨ ਜਾਪਦਾ ਹੈ।

ਉਹ ਮਹਿੰਦਰੂ ਘਾਟ ਵਲ ਮੁੜ ਗਏ ਹਨ।

ਰਾਜਨ ਦੇ ਵਿਚਾਰ ਨਾਲ ਉਸਦਾ ਚਿਹਰਾ ਨਜ਼ਰਾਂ ਸਾਹਮਣੇ ਫਿਰ ਗਿਆ ਹੈ। ਮਦਰਾਸੀ ਬਾਹਮਣ, ਸੌਲਾਂ ਰੰਗ, ਤਿੱਖੇ ਤੇ ਖਿਚਵੇਂ ਨਕਸ਼, ਭਰਿਆ ਸਰੀਰ, ਗਲਾਂ ਕਰਨ ਦਾ ਵਖਰਾ ਢੰਗ, ਪਰ... ਪਰ ਉਸਦੀ ਘਿਰਣਾ ਦਾ ਪਾਤਰ। ਮੌਕਾ ਮਿਲੇ ਤਾਂ ਸ਼ਾਇਦ ਉਸਦਾ ਖੂਨ ਕਰਨੋਂ ਵੀ ਬਾਜ ਨ ਆਵੇ। ਇਸ ਘਿਰਣਾ ਦਾ ਕਾਰਨ ਉਸਦੀ ਸਮਝ ਤੋਂ ਬਾਹਰ ਹੈ, ਕਿਉਂਕਿ ਰਾਜਨ ਨੇ ਉਸ ਨਾਲ ਕਦੀ ਵੀ ਮਾੜਾ ਸਲੂਕ ਨਹੀਂ ਕੀਤਾ। ਕੁਝ ਪ੍ਰਭਾਵ ਪ੍ਰਛਾਵਿਆਂ ਵਾਂਗ ਮਨੁੱਖ ਦਾ ਪਿੱਛਾ ਕਰਦੇ ਹਨ ਤੇ ਉਸਨੂੰ, ਪੱਤਨ ਦੀ ਮਿੱਟੀ ਵਾਂਗ ਖੁਰਚਦੇ ਤੁਰੇ ਜਾਂਦੇ ਹਨ।

ਰੀਟਾ ਦੀ ਯਾਦ ਵੀ ਤਾਂ ਇਕ ਪ੍ਰਛਾਵਾਂ ਹੈ ਜੋ ਰੀਟਾ ਵਾਂਗ ਉਸਦੇ ਨਾਲ ਨਾਲ ਤੁਰ ਰਿਹਾ ਹੈ। ਕਦੀ ਉਹ ਰੀਟਾ ਦਾ ਪ੍ਰਛਾਵਾਂ ਬਣਿਆ ਰਹਿੰਦਾ ਸੀ, ਤੇ ਰੀਟਾ ਰਾਜਨ ਦਾ। ਕਿੰਨੀ ਅਜੀਬ ਗਲ ਹੈ। ਉਸਨੂੰ ਮਿਲਣ ਲਈ ਉਸਨੇ ਕਲੱਬ ਅਟੈਂਡ ਕਰਨੇ ਸ਼ੁਰੂ ਕਰ ਦਿਤੇ ਸੀ। ਕਿਉਂਕਿ ਪਹਿਲਾਂ ਕਲੱਬ ਜਾਣ ਦਾ ਉਸਨੂੰ ਬਹੁਤ ਘੱਟ ਸ਼ੌਕ ਸੀ। ਕਲੱਬ ਵਿਚ ਉਹ ਜਿਥੇ ਖੜੀ ਹੁੰਦੀ, ਉਹ ਉਸਦੇ ਤੇ ਆਪਣੇ ਵਿਚਾਲੇ ਦੀ ਦੂਰੀ ਘਟਾਉਣ ਦਾ ਜਤਨ ਕਰਦਾ। ਇਕ ਦੋ ਵੇਰ ਉਹ ਉਸਦੇ ਟੇਬਲ ਤੇ ਬੈਠਾ ਸੀ। ਪਰ ਉਸ ਸਮੇਂ ਉਸਦੀ ਹਾਲਤ ਬੜੀ ਅਜੀਬ ਸੀ।

ਰੀਟਾ ਕੋਲ ਬੈਠਕੇ ਉਸਨੇ ਸੋਚਿਆ ਸੀ ਕਿ ਵੀਟਰ ਨੂੰ ਬੁਲਾ ਕੇ ਦੋ ਡਿਨਰ ਲਿਆਉਣ ਲਈ ਕਹੇ। ਪਰ

ਉਸਦੇ ਕਹਿਣ ਤੋਂ ਪਹਿਲਾਂ ਹੀ ਰੀਟਾ ਨੇ ਆਪਣੇ ਲਈ ਕੁਝ ਮੰਗਵਾਇਆ ਸੀ। ਉਸਨੇ ਬਾਰੀ ਵੱਲ ਮੂੰਹ ਫੇਰ ਲਿਆ ਸੀ। ਬਾਰੀ ਦੇ ਸ਼ੀਸ਼ੇ ਵਲ ਤਕਦਾ ਰਿਹਾ ਸੀ ਜਿਸ ਤੇ ਕੁਝ ਚਿਰ ਪਹਿਲਾਂ ਹੋਈ ਵਰਖਾ ਦੀਆਂ ਅਨੇਕਾਂ ਬੂੰਦਾਂ ਚਮਕ ਰਹੀਆਂ ਸਨ। ਇਕ ਬੂੰਦ ਉੱਤੋਂ ਦੂਜੀ ਬੂੰਦ ਵਿਚ ਰਲਦੀ ਹੋਈ ਹੇਠਾਂ ਨੂੰ ਆਉਂਦੀ ਪਈ ਸੀ। ਥੱਲੇ ਇਕ ਵੱਡੀ ਬੂੰਦ ਸੀ। ਉਸ ਸੋਚਿਆ ਸੀ ਕਿ ਥੱਲੇ ਆਉਂਦੀ ਬੂੰਦ ਵਿਚ ਆਪਣੀ ਹੋਂਦ ਰਲਾ ਦੇਵੇਗੀ। ਪਰ ਉਸਦਾ ਅਨੁਮਾਨ ਗਲਤ ਨਿਕਲਿਆ ਸੀ। ਉਤਲੀ ਬੂੰਦ ਕੋਲੋਂ ਦੀ ਲੰਘ ਗਈ ਸੀ ਤੇ ਫਰਸ਼ ਤੇ ਚੋ ਪਈ ਸੀ......

ਰੀਟਾ ਨੇ ਕੁਝ ਕਿਹਾ ਹੈ। ਉਹ ਚੌਂਕ ਪਿਆ ਹੈ, ਪਰ ਪੁੱਛਿਆ ਨਹੀਂ ਹੈ ਰੀਟਾ ਤੋਂ ਪੁੱਛਣ ਨਾਲ ਇਹ ਸਪਸ਼ਟ ਹੋ ਜਾਵੇਗਾ ਕਿ ਉਹ ਕਿਤੇ ਹੋਰ ਗੁਆਚਾ ਹੋਇਆ ਸੀ। ਕਈ ਵੇਰ ਅਸੀਂ ਚੁਗਿਰਦੇ ਦੀ ਹੋਂਦ ਨੂੰ ਉੱਕਾ ਹੀ ਨਹੀਂ ਕਬੂਲਦੇ, ਰੇਤ ਤੇ ਰੀਂਗਦੇ ਸੱਪ ਵਾਂਗ ਕੇਵਲ ਵਿਚਾਰ ਹੀ ਦਿਮਾਗ ਤੇ ਨਿਸ਼ਾਨ ਛੱਡਦੇ ਤੁਰੇ ਜਾਂਦੇ ਹਨ।

ਨਵਾਂ ਬਣਿਆਂ ਮਹਿੰਦਰੂ ਘਾਟ। ਖੁੱਲ੍ਹਾ ਪੋਰਟਿਕੋ, ਉੱਚੇ ਉੱਚੇ ਸ਼ੀਸ਼ੇ ਜੜੇ ਬੂਹੇ। ਅੰਦਰ ਕਈ ਕਿਸਮ ਦੀਆਂ ਦੁਕਾਨਾਂ, ਪੌੜੀਆਂ ਚੜ੍ਹਕੇ ਉੱਤੇ ਰੇਲਿੰਗ ਕੋਲ ਜਾ ਖੜੇ ਹੋਏ।

ਡੈਕ ਖਾਲੀ ਪਿਆ ਹੈ। ਗੰਗਾ ਵਿਚ ਪਾਣੀ ਬਹੁਤ ਲੱਥਾ ਹੋਇਆ ਹੈ। ਦੂਜੇ ਕਿਨਾਰੇ ਧਰਤ ਤੇ ਅਕਾਸ਼ ਇਕ-ਮਿਕ ਹੋਏ ਜਾਪਦੇ ਹਨ। ਕਦੀ ੨ ਅੱਖਾਂ ਵੀ ਸਚਾਈ ਨੂੰ ਪਕੜਨ ਤੋਂ ਅਸਮਰਥ ਹੋ ਜਾਂਦੀਆਂ ਹਨ। ਫਿਲਾਸਫਰਾਂ ਵਾਂਗ ਸੋਚਦਾ, ਆਪਣੀ ਬਾਂਹ ਰੀਟਾ ਦੇ ਮੋਢਿਆਂ ਤੇ ਟਿਕਾ ਦੇਂਦਾ ਹੈ। ਰੀਟਾ ਹੋਰ ਨੇੜੇ ਸਰਕ ਆਈ ਹੈ।

"ਕਿੰਨਾ ਪਿਆਰਾ ਸੀਨ ਏ ?"

"ਹੂੰ......

ਡੇਕ ਤੇ ਹੁਣ ਦੋ ਚਾਰ ਬੰਦੇ ਖੜੇ ਹਨ, ਹਨੇਰਾ ਘਿਰਦਾ ਪਿਆ ਹੈ। ਦੋ ਚਾਰ ਬੱਤੀਆਂ ਵੀ ਜਗ ਪਈਆਂ ਹਨ। ਹਵਾ ਤੇਜ਼ ਹੋ ਗਈ ਹੈ ਤੇ ਰੀਟਾ ਦੀਆਂ ਲਿਟਾਂ ਉਸਦੀਆਂ ਗਲ੍ਹਾਂ ਨੂੰ ਬਾਰ ੨ ਛੂੰਹਦੀਆਂ ਹਨ।

ਰੀਟਾ ਉਸਦੇ ਕਰੀਬ ਹੈ। ਪਾਣੀ ਦੀ ਕੰਢੇ ਨਾਲ ਟਕਰਟਾਉਣ ਦੀ ਤੇਜ਼ੀ ਵਧ ਗਈ ਹੈ ਤੇ ਹੁਣ ਉਹ ਹੋਰ ਦੂਰ ਤਕ ਰੇਤ ਨੂੰ ਭਿਉਂ ਸਕਦਾ ਹੈ। ਕੰਢੇ ਨਾਲ ਟਕਰਾਉਣ ਦੀ ਆਵਾਜ਼ ਦਿਲ ਦੀਆਂ ਧੜਕਨਾਂ ਨਾਲ ਮਹਿਸੂਸ ਕੀਤੀ ਜਾ ਸਕਦੀ ਹੈ। ਪਾਣੀ ਕਾਫੀ 'ਐਸ਼' ਹੋ ਗਿਆ ਹੈ ਤੇ ਪਰਲਾ ਕੰਢਾ ਹਨੇਰੇ ਵਿਚ ਪਿੱਘਲ ਕੇ ਡਿੱਗ ਪਿਆ ਹੈ। ਰੀਟਾ ਦੇ ਚਿਹਰੇ ਤੇ ਚਮਕ ਨਜ਼ਰ ਆਉਂਦੀ ਹੈ। ਦੂਰੋਂ ਇਕ ਸਟੀਮਰ ਕਿਨਾਰੇ ਵੱਲ ਤੇਜ਼ੀ ਨਾਲ ਵੱਧਦਾ ਪਿਆ ਹੈ।

ਰੀਟਾ ਕੁਝ ਸੋਚ ਰਹੀ ਹੈ। ਸ਼ਾਇਦ ਨਾ ਵੀ ਸੋਚਦੀ ਹੋਵੇ। ਜ਼ਰੂਰੀ ਨਹੀਂ ਚੁੱਪ ਰਹਿਣ ਦਾ ਅਰਥ ਕੁਝ ਸੋਚਣਾ ਹੀ ਹੈ। ਉਸਦੇ ਜੀਅ ਵਿਚ ਆਉਂਦਾ ਹੈ ਕਿ ਉਸ ਤੋਂ ਪੁੱਛੇ ਕਿ ਉਹ ਕੀ ਸੋਚਦੀ ਪਈ ਹੈ ?

ਲਹਿਰਾਂ ਕਿਨਾਰੇ ਨਾਲ ਹੋਰ ਤੇਜ਼ੀ ਨਾਲ ਟਕਰਾਉਣ ਲੱਗ ਪਈਆਂ ਹਨ। ਹਨੇਰਾ ਕੁਝ ਹੋਰ ਸੰਘਣਾ ਹੋ ਗਿਆ ਹੈ। ਗੰਗਾ ਕਿਨਾਰੇ ਬੱਤੀਆਂ ਦੀ ਕਤਾਰ ਜਗ-ਮਗਾ ਉੱਠੀ ਹੈ।

ਸਟੀਮਰ ਨੇ ਕਿਨਾਰੇ ਤੇ ਆਕੇ ਜ਼ੋਰ ਦੀ 'ਵਿਸਲ' ਮਾਰੀ ਹੈ। ਰੀਟਾ ਤ੍ਰਭਕ ਕੇ ਡਿੱਗਣ ਲੱਗਦੀ ਹੈ, ਪਰ ਉਸ ਬੜੀ ਫੁਰਤੀ ਨਾਲ ਉਸਨੂੰ ਬਾਹਵਾਂ ਵਿਚ ਭਰ ਲਿਆ ਹੈ। ਹੁਣ ਰੀਟਾ ਦਾ ਜਿਸਮ ਉਸਦੇ ਬਹੁਤ ਕਰੀਬ ਹੈ, 'ਈਅਰਰਿੰਗ' ਕੰਬ ਰਿਹਾ ਹੈ। ਅੱਖਾਂ ਵਿਚ ਵਹਿਸ਼ਤ ਦੇ ਭਾਵ ਚਮਕ ਉੱਠੇ ਹਨ। "ਇਸੇ ਤਰ੍ਹਾਂ ਰਾਜਨ ਨੇ ਵੀ ਮੈਨੂੰ ਬਚਾਇਆ ਸੀ ਇਕ ਦਿਨ !" ਉਸਨੇ ਕਿਸੇ ਪਿਕਨਿਕ ਦਾ ਜ਼ਿਕਰ ਛੋਹ ਦਿੱਤਾ ਹੈ, ਜਿਥੇ ਰਾਜਨ ਨੇ ਉਸਦੀ ਜਾਨ ਬਚਾਈ ਸੀ, ਥਾਂ ਪਹਾੜੀ ਤੇ ਬਰਸਾਤ ਦੇ ਦਿਨ ਸਨ। ਚੱਟਾਨਾਂ ਤੋਂ ਪੈਰ ਤਿਲਕ ੨ ਜਾਂਦਾ ਸੀ। ਬੜਾ ਸੰਭਲ ੨ ਕੇ ਤੁਰਨਾ ਪੈਂਦਾ ਸੀ। ਪਰ ਇਕ ਥਾਂ ਉਸਦਾ ਪੈਰ ਤਿਲਕ ਗਿਆ ਸੀ। ਜੇ ਰਾਜਨ ਨਾ ਹੁੰਦਾ ਤਾਂ ਉਹ ਸੈਂਕੜੇ ਫੁੱਟ ਗਹਿਰੀ ਖਾਈ ਵਿਚ ਡਿੱਗ ਕੇ ਖਤਮ ਹੋ ਜਾਂਦੀ......।

ਉਸਦੀਆਂ ਅੱਖਾਂ ਵਿਚ ਯਾਦਾਂ ਚਮਕ ਉਠੀਆਂ ਹਨ, ਚੌਂਕ ਤੇ ਖੜੇ ਲੋਕ ਉਨ੍ਹਾਂ ਨੂੰ ਘੂਰਦੇ ਪਏ ਹਨ, ਉਸਦੀਆਂ ਬਾਹਵਾਂ ਦੀ ਕੱਸ ਢਿੱਲੀ ਪੈ ਗਈ ਹੈ, ਹਵਾ ਦੇ ਤੇਜ਼ ਬੁੱਲੇ ਨਾਲ ਰੇਤ ਦਾ ਜ਼ੱਰਾ ਅੱਖ ਵਿਚ ਪੈ ਗਿਆ ਹੈ । ਉਹ ਅੱਖ ਮਲਣ ਲੱਗ ਪੈਂਦਾ ਹੈ । ਰੜਕ ਕਿੰਨੀ ਕਸ਼ਟ ਭਰੀ ਹੈ ।

ਰੀਟਾ ਨੇ ਉਸਦੇ ਚਿਹਰੇ ਨੂੰ ਆਪਣੀਆਂ ਹਥੇਲੀਆਂ ਵਿਚ ਲੈ ਕੇ ਪੁਛਿਆ ਹੈ— "ਕੀ ਹੋਇਆ, ਦਲੀਪ ?" "ਕੋਈ ਗੱਲ ਨਹੀਂ........" ਉਹ ਪੌੜੀਆਂ ਕੋਲ ਪਹੁੰਚ ਕੇ ਬੋਲਿਆ ਹੈ— "ਚੱਲ ਚਲੀਏ !"

'ਸੋਡਾ ਫਾਊਂਟੇਨ' ਵਿਚ ਰੀਟਾ ਸਾਹਮਣੇ ਬੈਠਿਆਂ ਉਸਨੂੰ ਸਿਗਰੇਟ ਪੀਣ ਦੀ ਯਾਦ ਆਈ ਹੈ । ਜੇਬ ਵਿਚ ਹੱਥ ਮਾਰਿਆ ਹੈ ਪਰ ਡੱਬੀ ਨਹੀਂ ਮਿਲੀ ਸ਼ਾਇਦ ਖਤਮ ਹੋ ਜਾਣ ਤੇ ਉਸਨੇ ਕਿਤੇ ਵਗਾਹ ਮਾਰੀ ਸੀ । ਉਹ ਫਿਰ ਬੀਦਰ ਨੂੰ ਉਡੀਕਣ ਲਗ ਪੈਂਦਾ ਹੈ ।

ਰੀਟਾ ਦੇ ਚਿਹਰੇ ਤੇ ਹਾਲੀ ਵੀ ਦਹਿਸ਼ਤ ਦੇ ਹਨ । ਉਹ ਆਪਣੇ ਭਾਵਾਂ ਤੇ ਕਾਬੂ ਕਿਉਂ ਨਹੀਂ ਕਰ ਪਾ ਰਹੀ ? ਕੀ ਉਹ ਇਹ ਸਭ ਨੂੰ ਕਿਸੇ ਵਿਸ਼ੇਸ਼ ਅਰਥ ਕਾਰਨ ਅੱਖਾਂ ਪਰੇ ਕਰ ਰਹੀ ਹੈ ? ਰਾਜਨ ਦਾ ਜ਼ਿਕਰ ਵੀ ਉਸਨੇ ਜਾਣ ਕੇ ਕੀਤਾ ਸੀ ?

'ਸੋਡਾ ਫਾਊਂਟੇਨ' ਵਿਚ ਦਾਖਲ ਹੋਣ ਸਮੇਂ ਪਲ ਕੁ ਲਈ ਉਹ ਵਾੜ ਕੋਲ ਖਲੋਤਾ ਸੀ । ਐਲਫਿੰਸਟਨ ਥੀਏਟਰ ਦੀ ਰੌਣਕ ਵਲ ਵੇਖਣ ਨੂੰ ਉਸਦਾ ਜੀ ਨਹੀਂ ਮੈਦਾਨ ਦੀ ਕੀਤਾ ਸੀ । ਹਾਂ ਗਾਂਧੀ ਅੰਡਾਕਾਰ ਥਾਂ ਦੀ ਸਾਦਗੀ ਤੇ ਸ਼ਾਂਤੀ ਨੇ ਉਸਦੇ ਮਨ ਨੂੰ ਟੁੰਬਿਆ ਸੀ । ਸ਼ਾਇਦ ਮਨ ਦਾ ਕੋਈ ਅਸਪਸ਼ਟ ਭਾਵ ਇਸਦਾ ਕਾਰਨ ਹੋ ਸਕਦਾ ਹੈ । ਸ਼ਾਇਦ ਇਸੇ ਭਾਵ ਦੇ ਪ੍ਰਤੀਕਰਮ ਸਰੂਪ ਹੀ ਉਹ ਲਾਅਨ ਦੇ ਇਕ ਪਾਸੇ ਜਿਥੇ ਨੇੜੇ ਕੋਈ ਵੀ ਮੇਜ਼ ਨਹੀਂ ਸੀ, ਬੈਠਿਆ ਹੈ ।

ਵੀਟਰ ਸਾਮਾਨ ਟੇਬਲ ਤੇ ਸਜਾ ਗਿਆ ਹੈ । ਵੈਜੀ-ਟੇਬਲ ਚਾਪ, ਸੂਪ ਤੇ ਸਾਸ ਦੀ ਬੋਤਲ । ਕਾਫੀ ਪਲ ਕੁ ਮਗਰੋਂ ਲਿਆਉਣ ਲਈ ਕਹਿ ਦਿਤਾ ਹੈ । ਨਾਲ ਹੀ ਸਿਗਰੇਟ ਲਿਆਉਣ ਲਈ ਪੈਸੇ ਦੇ ਦਿਤੇ ਹਨ ।

ਉਸਦਾ ਆਰਡਰ ਕਿੰਨਾਂ ਬੇਤੁਕਾ ਹੈ, ਉਸ ਸੋਚਿਆ ਜਿਵੇਂ ਅੰਦਰ ਕੁਝ ਸੁੰਗੜਨ ਲਗ ਪਿਆ ਹੈ । ਉਸਦਾ ਬਾਹਰੀ ਐਕਸਪੋਜ਼ਰ ਕਿੰਨਾ ਭੈੜਾ ਹੈ ।

ਬਾਹਰੀ ਐਕਸਪੋਜ਼ਰ ਵਿਚ ਉਹ ਸਦਾ ਹੀ ਨਾਕਾਮ-ਯਾਬ ਰਹਿਆ ਹੈ । ਜਦ ਉਸਨੇ ਪਹਿਲੀ ਵੇਰ ਰੀਟਾ ਨਾਲ ਗੱਲਾਂ ਕੀਤੀਆਂ ਸਨ ਤਾਂ ਕਿੰਨੀ ਭਾਵੁਕਤਾ ਭਰੇ ਲਹਿਜੇ ਵਿਚ, ਤੇ ਫੇਰ ਪ੍ਰੇਮ ਦਾ ਪ੍ਰਗਟਾ...... ? ਅੱਜ ਜਦ ਵੀ ਉਸ ਵਿਸ਼ੇ ਤੇ ਸੋਚਦਾ ਹੈ ਤਾਂ ਉਸਨੂੰ ਸ਼ਰਮ ਆਉਂਦੀ ਹੈ । ਰੀਟਾ ਨੇ ਉਸ ਵੇਲੇ ਕਿਸ ਰੂਪ ਵਿਚ ਉਸਦੀ ਗੱਲ ਨੂੰ ਲਿਆ ਸੀ ਕਹਿਣਾ ਮੁਸ਼ਕਲ ਹੈ । ਪਰ ਹਾਂ ਉਸਨੇ ਉਸਦੀ ਸਾਰੀ ਗੱਲ ਨੂੰ ਬੜੀ ਸੰਜੀਦਗੀ ਨਾਲ ਸੁਣਿਆ ਸੀ ਤੇ ਫਿਰ ਆਪਣੀ ਮਜਬੂਰੀ ਦਸਕੇ ਉਸਨੇ ਇਕ ਦਿਨ ਦੇਣ ਦਾ ਵਚਨ ਦਿਤਾ ਸੀ ।

ਪਰ ਉਸਨੇ ਇਹ ਵਚਨ ਕਬੂਲ ਕਿਉਂ ਕੀਤਾ ? ਉਸਨੂੰ ਤਾਂ ਜੁਆਲਾਮੁਖੀ ਵਾਂਗ ਫੱਟ ਜਾਣਾ ਚਾਹੀਦਾ ਸੀ । ਕਿਉਂ ਉਹ ਅੰਦਰੋਂ ਅੰਦਰ ਧੁੱਖਦਾ ਹੋਇਆ ਵੀ ਚੁੱਪ ਰਿਹਾ ਹੈ ? ਕੀ ਇਸਦਾ ਕਾਰਨ ਵੀ ਮਨ ਵਿਚ ਲੁਕਿਆ ਕੋਈ ਲੋਭ ਨਹੀਂ ?

ਰੀਟਾ ਨੇ ਰਾਜਨ ਦੀਆਂ ਗੱਲਾਂ ਛੋਹ ਲਈਆਂ ਹਨ । ਰਾਜਨ ਦੀਆਂ ਗੱਲਾਂ ਕਿ ਜਦ ਉਹ ਉਸਨੂੰ ਪਹਿਲੀ ਵੇਰ ਮਿਲਿਆ ਸੀ । ਉਸਦੇ ਪਿਆਰ ਦੀਆਂ ਗੱਲਾਂ, ਤੇ ਹੋਰ ਬਹੁਤ ਸਾਰੀਆਂ ਗੱਲਾਂ । ਉਹ ਸਭ ਕੁਝ ਸੁਣ ਰਿਹਾ ਹੈ ਮਰ ਉਸਦੀ ਹਾਲਤ ਉਸ ਬੋਲੇ ਵਾਂਗ ਹੈ ਜੋ ਦੂਸਰਿਆਂ ਦੇ ਹਿਲਦੇ ਬੁਲ੍ਹ ਤਾਂ ਵੇਖ ਰਿਹਾ ਹੈ ਪਰ ਸ਼ਬਦਾਂ ਦੀ ਧੁਨੀ ਤੇ ਅਰਥ ਉਸਦੀ ਪਕੜ ਤੋਂ ਬਾਹਰ ਹਨ ।

ਕੀ ਉਸਨੇ ਪਹਿਲਾਂ ਵੀ ਕਦੀ ਸੋਚਿਆ ਸੀ ਕਿ ਰੀਟਾ ਨਾਲ ਗੁਜ਼ਾਰਿਆ ਦਿਨ ਇਤਨਾ ਨੀਰਸ ਹੋਵੇਗਾ ? ਪਤਾ ਨਹੀਂ ਕਿਉਂ ਪਿਛਲੇ ਕੁਝ ਸਾਲਾਂ ਤੋਂ ਉਹ ਆਪਣੇ ਅੰਦਰੋਂ ਕੁਝ ਖੁਰਦਾ ਅਨੁਭਵ ਕਰ ਰਿਹਾ ਹੈ । ਇਸੇ ਲਈ ਰੀਟਾ ਦੇ ਆਉਣ ਤੇ ਉਹ ਖੁਸ਼ੀ ਨਾਲ ਚੌਂਕਿਆ ਨਹੀਂ ਸੀ । ਬਲਕਿ ਉਸਨੂੰ ਇੰਵ ਜਾਪਿਆ ਸੀ ਜਿਵੇਂ ਕਿਸੇ ਕਰਜ਼ਦਾਰ ਨੂੰ ਸ਼ਾਹੂਕਾਰ ਮਿਲ ਗਿਆ ਹੋਵੇ । ਫਿਰ

ਵੀ ਉਸਨੇ ਇਸ ਹਾਲਤ ਨੂੰ ਇਕ ਕਰਤਵ ਵਾਂਗ ਸਵੀਕਾਰਿਆ ਸੀ।

ਰੀਟਾ ਨੇ ਪਰਸ 'ਚੋਂ ਰੁਮਾਲ ਕੱਢ ਕੇ ਮੂੰਹ ਪੂੰਝਿਆ ਤੇ ਫਿਰ ਉਸ ਨੇ ਉਹੋ ਈ ਪੁਰਾਣੀਆਂ ਗੱਲਾਂ ਛੇੜ ਦਿਤੀਆਂ ਹਨ। ਉਸਨੂੰ ਮਿਸ਼ਰ ਦੇ ਪਿਰਾਮਿਡ ਤੇ ਮੰਮੀ ਚੇਤੇ ਆਉਂਦੀ ਹੈ। ਕੀ ਇਹ ਪ੍ਰਥਾ ਸਾਡੇ ਦਿਲ ਦਾ ਸਹੀ ਬਿੰਬ ਨਹੀਂ ਹੈ ? ਅਸੀਂ ਵੀ ਤਾਂ ਬੀਤੀਆਂ ਗੱਲਾਂ ਦੀ ਮਨੀ ਸੁਆਰ ਸੁਆਰ ਰੱਖਦੇ ਹਾਂ ਦਿਲ ਵਿਚੇ।

ਕੀ ਰੀਟਾ ਪਹਿਲਾਂ ਨਾਲੋਂ ਬਹੁਤ ਬਦਲ ਗਈ ਹੈ ? ਉਸ ਗੱਲਾਂ ਤੇ ਗੌਰ ਨਾ ਕਰਦਿਆਂ ਸੋਚਿਆ ਹੈ। ਪਰ ਉਹ ਆਪ ਵੀ ਤਾਂ ਬਹੁਤ ਬਦਲ ਗਿਆ ਹੈ। ਪਰ ਸ਼ਾਇਦ ਨਹੀਂ, ਹਾਲੀ ਵੀ ਉਸਦੇ ਅੰਦਰ ਕੁਝ ਹੈ ਜੋ ਧੌਣ ਚੁੱਕ ਆਸ਼ਾ ਭਰੀਆਂ ਨਜ਼ਰਾਂ ਨਾਲ ਕੁਝ ਤੱਕ ਰਿਹਾ ਹੈ। ਆਸ਼ਾ...ਆਸ਼ਾ... ਉਸਨੂੰ ਜਾਪਿਆ ਹੈ ਜਿਵੇਂ ਉਹ ਇਕ ਬਾਲ ਹੈ ਜੋ ਸਲੇਟ ਤੇ ਲਿਖੇ ਅੱਖਰਾਂ ਤੇ ਲਕੀਰਾਂ ਫੇਰਦਾ ਹੋਇਆ ਸੋਚਦੈ ਕਿ ਉਸਨੂੰ ਲਿਖਣਾ ਆ ਗਿਆ ਹੈ।

ਉਸਨੇ ਰੀਟਾ ਨੂੰ ਵੇਖਿਆ ਹੈ। ਹਾਲੀ ਵੀ ਉਸ ਦੀਆਂ ਗੱਲਾਂ ਦਾ ਕੇਂਦਰ-ਬਿੰਦੂ ਰਾਜਨ ਹੈ। ਉਸਨੂੰ ਟੈਲੀਫੋਨ ਦੀਆਂ ਤਾਰਾਂ ਨਾਲ ਉਲਝੀ ਪਤੰਗ ਚੇਤੇ ਆਈ ਹੈ, ਜਿਸਦੀਆਂ ਕਮਾਨੀਆਂ ਨੇ ਕਾਗਜ਼ ਦਾ ਸਾਥ ਛੱਡ ਦਿੱਤਾ ਹੈ ਫਿਰ ਇਕ ਵਿਚਾਰ ਉਸਦੇ ਦਿਮਾਗ 'ਚ ਆਉਂਦਾ ਹੈ ਕਿ ਰੋਜ਼ ਕਿਸੇ ਦੀ ਪਤੰਗ ਤਾਰਾਂ ਵਿਚ ਉਲਝ ਕੇ ਪਾਟ ਜਾਂਦੀ ਹੋਵੇਗੀ।

ਵੀਟਰ ਕਾਫ਼ੀ ਤੇ ਸਿਗਰੇਟ ਰੱਖ ਗਿਆ ਹੈ। ਕਾਫ਼ੀ ਦਾ ਇਕ ਘੁੱਟ ਭਰਕੇ ਉਹ ਇਕ ਸਿਗਰੇਟ ਬਾਲ ਲੈਂਦਾ ਹੈ। ਕਾਫ਼ੀ ਦੇ ਘੁੱਟ ਭਰਦਿਆਂ ਸਿਗਰੇਟ ਦੇ ਕਸ਼ ਲੈਣ ਦਾ ਬੜਾ ਮਜ਼ਾ ਆਉਂਦਾ ਹੈ।

ਚਾਣਚੱਕ ਉਸਦੀ ਨਜ਼ਰ ਗੇਟ ਤੋਂ ਅੰਦਰ ਦਾਖਲ ਹੋ ਰਹੇ ਇਕ ਬੰਦੇ ਤੇ ਪਈ ਹੈ। ਲਾਈਟ ਕ੍ਰੀਮ ਕਲਰ ਦੀ ਪੈਂਟ ਤੇ ਵਾਈਟ ਸ਼ਰਟ ਤੇ ਉਸਤੇ ਕ੍ਰੀਮ ਕਲਰ ਦੀ ਟਾਈ। ਉਹ ਰਾਜਨ ਨੂੰ ਝੱਟ ਪਛਾਣ ਗਿਆ ਹੈ, ਉਸਦੇ ਨਾਲ ਇਕ ਹੁਸੀਨ ਕੁੜੀ ਹੈ। ਜਿਸਦੀ ਧੌਣ ਲੰਮੀ ਤੇ ਠੋਡੀ ਨਿੱਕੀ ਪਰ ਗੋਲ ਹੈ।

ਉਸਨੂੰ ਜਾਪਿਆ ਹੈ ਜਿਵੇਂ ਪਾਟੀ ਪਤੰਗ ਉਸਦੇ ਦਿਲ ਵਿਚ ਫੜਫੜਾ ਰਹੀ ਹੈ। ਉਹ ਆਪਣਾ ਹੱਥ ਰੀਟਾ ਦੇ ਹੱਥ ਤੇ ਰੱਖ ਦੇਂਦਾ ਹੈ। ਫਿਰ ਉਹ ਉਸ ਦੀਆਂ ਅੱਖਾਂ ਦੀਆਂ ਡੂਘਾਂਣਾ ਨਾਪਦਾ ਹੈ। ਤੇ ਫਿਰ ਬੜੇ ਮਿੱਠੇ ਲਹਿਜੇ ਵਿਚ ਕਹਿੰਦਾ ਹੈ—"ਰੀਟਾ, ਸਚ ਰਾਜਨ ਬੜਾ ਗ੍ਰੇਟ ਸੀ। ਪਰ ਮੇਰੀਆਂ ਅੱਖਾਂ ਵਿਚ ਤਾਂ ਵੇਖ ?...ਕੀ ਕਿਹਾ ਤੈਨੂੰ ਕੁਝ ਨਜ਼ਰ ਨਹੀਂ ਆਉਂਦਾ ਪਿਆ। ਇਸ ਵਿਚ ਵੀ ਇਕ ਰਾਜਨ ਏ, ਹਰ ਆਦਮੀ ਦੀਆਂ ਨਜ਼ਰਾਂ 'ਚ ਇਕ ਰਾਜਨ ਹੁੰਦਾ ਹੈ ਲੋੜ ਹੈ ਉਸਨੂੰ ਪਹਿਚਾਨਣ ਦੀ......।

ਉਹ ਚੁੱਪ ਹੋ ਕੇ ਆਪਣੀ ਗੱਲ ਦੇ ਪ੍ਰਤੀਕਰਮ ਵੇਖਣ ਲੱਗ ਪਿਆ ਹੈ। ਰੀਟਾ ਦਾ ਚਿਹਰਾ ਤੇਜਹੀਨ ਹੋ ਗਿਆ ਹੈ, ਜਿਵੇਂ ਉਸਦੇ ਅੰਦਰ ਕੁਝ ਟੁੱਟ ਰਿਹਾ ਹੋਵੇ।

ਉਸਦੇ ਹੱਥ ਦੀ ਪਕੜ ਸਖਤ ਹੋ ਗਈ ਹੈ। ਰੀਟਾ ਉਸਨੂੰ ਬੜੇ ਗੌਰ ਨਾਲ ਵੇਖਦੀ ਹੈ ਜਿਵੇਂ ਪਛਾਨਣ ਦਾ ਜਤਨ ਕਰਦੀ ਹੋਵੇ।

"ਚਲੋ ਚੱਲੀਏ।" ਇਸ ਵੇਰ ਰੀਟਾ ਕਹਿੰਦੀ ਹੈ।

×——×

ਉਹ ਹੁਣ ਕਮਰੇ ਵਿਚ ਆ ਗਏ ਹਨ। ਮੇਜ਼ ਤੇ ਬਲੂ ਸੀਲ ਵਿਸਕੀ ਰੱਖ ਕੇ ਉਹ ਗਿਲਾਸ ਲੈ ਆਉਂਦਾ ਹੈ। ਰੀਟਾ ਬਾਥਰੂਮ ਚਲੀ ਗਈ ਹੈ। ਮੀਟ ਨੂੰ ਪਲੇਟਾਂ ਵਿਚ ਪਾ ਕੇ ਉਹ ਟੇਬਲ ਤੇ ਸਜਾ ਦੇਂਦਾ ਹੈ।

ਹੁਣ ਰੀਟਾ ਪਰਤ ਆਈ ਹੈ ਤੇ ਉਸਦੇ ਸਾਹਮਣੇ ਬੈਠ ਗਈ ਹੈ।

ਉਸ ਬੋਤਲ ਖੋਲ੍ਹੀ ਹੈ, ਪਰ ਗਿਲਾਸਾਂ ਵਿਚ ਪਾਉਣ ਲੱਗਾ ਰੁਕ ਗਿਆ ਹੈ। "ਅੱਜ ਤੇਰੇ ਹੱਥ ਨਾਲ ਪੀਣੀ ਏ।" ਉਹ ਉਸਨੂੰ ਬੋਤਲ ਦੇਂਦਾ ਕਹਿੰਦਾ ਹੈ ਤੇ ਮੁਸਕਰਾਂਦਾ ਹੈ। ਫਿਰ ਆਪਣੇ ਇਸ ਪਰੀਵਰਤਨ ਦਾ ਮਨੋਵਿਗਿਆਨਕ ਆਧਾਰ ਭਾਲਣ ਲੱਗ ਪੈਂਦਾ ਹੈ।

ਗਿਲਾਸ ਭਰਦੇ ਹਨ ਤੇ ਫਿਰ ਖਾਲੀ ਹੋ ਜਾਂਦੇ ਹਨ। ਪਲੇਟਾਂ ਵਿਚ ਚਿਮਚੇ ਖੜਕਦੇ ਹਨ। ਉਹ ਸਿਗਰੇਟ

ਬਾਲ ਲੈਂਦਾ ਹੈ। ਲੰਮਾ ਕਸ਼ ਖਿੱਚ ਕੇ ਸਾਰਾ ਧੂੰਆਂ ਬਾਹਰ ਕੱਢ ਦੇਂਦਾ ਹੈ। ਧੂੰਏ ਦੇ ਬੱਦਲ ਚੁਫੇਰੇ ਖਿੱਲਰ ਜਾਂਦੇ ਹਨ। ਪਲ ਕੁ ਲਈ ਜਾਪਦਾ ਹੈ ਜਿਵੇਂ ਉਹ ਧੁੰਦ ਭਰੀਆਂ ਰਾਹਵਾਂ ਤੇ ਗੁਜ਼ਰ ਰਹੇ ਹਨ : ਪਰ ਫਿਰ ਧੂੰਆਂ ਛੱਟ ਜਾਂਦਾ ਹੈ।

ਗਿਲਾਸ ਮੁੜ ਭਰੇ ਜਾਂਦੇ ਹਨ, ਖਾਲੀ ਕੀਤੇ ਜਾਂਦੇ ਹਨ। ਚਮਚੇ ਖੜਕਦੇ ਹਨ। ਇਹ ਸਭ ਕੁਝ ਜਿਵੇਂ ਮਸ਼ੀਨੀ ਢੰਗ ਨਾਲ ਚਲਦਾ ਹੈ। ਫਿਰ ਰੀਟਾ ਮੂੰਹ ਪੂੰਝਦੀ ਹੋਈ ਉੱਠਦੀ ਹੈ, ਤੇ ਸਾੜ੍ਹੀ ਲਾਹ ਕੇ ਪਲੰਗ ਤੇ ਰੱਖ ਦੇਂਦੀ ਹੈ।

ਹੁਣ ਜੋ ਰੀਟਾ ਉਸਦੇ ਸਾਹਮਣੇ ਬੈਠੀ ਹੈ ਉਸਦੇ ਜਿਸਮ ਤੇ ਕੇਵਲ ਬਲਊਜ਼ ਤੇ ਪੇਟੀਕੋਟ ਹੈ। ਬਲਾਊਜ਼ ਦੀ ਉੱਪਰਲੀ ਹੁੱਕ ਖੁੱਲ੍ਹੀ ਹੈ ਤੇ ਛਾਤੀਆਂ ਦੇ ਦਰਮਿਆਨ ਦੀ ਡੂੰਘਾਈ ਨਜ਼ਰ ਆਉਂਦੀ ਪਈ ਹੈ।

ਕਮਰੇ ਵਿਚ ਧੂੰਆਂ ਵਧਦਾ ਜਾਂਦਾ ਪ੍ਰਤੀਤ ਹੁੰਦਾ ਹੈ ਤੇ ਲਾਈਟ ਮੱਧਮ ਪੈਂਦੀ ਜਾਂਦੀ ਹੈ। ਫਿਰ ਲਾਈਟ ਤੇਜ਼ ਹੋ ਜਾਂਦੀ ਹੈ ਫਿਰ, ਮੱਧਮ। ਕਈ ਵੇਰ ਉਸਨੂੰ ਜਾਪਦਾ ਹੈ ਰੀਟਾ ਉਸਦੇ ਬਹੁਤ ਕਰੀਬ ਆ ਗਈ ਹੈ ਤੇ ਜਿਵੇਂ ਉਸਦੇ ਗਰਮ ਸਾਹ ਉਸਦੇ ਚਿਹਰੇ ਤੇ ਖਿੱਲਰ ਰਹੇ ਹਨ। ਪਰ ਫਿਰ ਉਹ ਉਸਨੂੰ ਸੋਫੇ ਤੇ ਉਸਦੇ ਸਾਹਮਣੇ ਬੈਠਿਆਂ ਵੇਖਦਾ ਹੈ।

ਇਕ ਇਕ ਪੈੱਗ ਹੋਰ। ਰੀਟਾ ਰਾਜਨ ਦੀਆਂ ਗੱਲਾਂ ਛੋਹ ਲੈਂਦੀ ਹੈ।

ਉਸਨੂੰ ਉਲਟੀ ਆਉਣ ਲਗਦੀ ਹੈ, ਪਰ ਕਿਸੇ ਤਰ੍ਹਾਂ ਉਹ ਆਪਣੇ ਤੇ ਕਾਬੂ ਪਾਉਂਦਾ ਹੈ। ਉੱਠਕੇ ਉਹ ਰੀਟਾ ਨਾਲ ਸੋਫੇ ਤੇ ਬੈਠ ਜਾਂਦਾ ਹੈ ਤੇ ਮੁਸਕਰਾਣ ਦਾ ਜਤਨ ਕਰਦਾ ਹੈ। ਰੀਟਾ ਰਾਜਨ ਬਾਰੇ ਕੁਝ ਦੱਸਦੀ ਪਈ ਹੈ.......... ਪਤੰਗ ਫੜਫੜ ਕਰਦੀ ਪਈ ਹੈ ਤੇ ਕਾਗਜ਼ ਕਮਾਨੀਆਂ ਨੂੰ ਛੂਹਣ ਦਾ ਯਤਨ ਕਰਦਾ ਹੈ... ਸਹਿਸਾ ਉਸਨੂੰ ਜਾਪਦਾ ਹੈ ਜਿਵੇਂ ਉਸਦਾ ਚਿਹਰਾ ਬਦਲ ਗਿਆ ਹੈ। ਉਹ ਚਿਹਰੇ ਤੇ ਹੱਥ ਫੇਰਦਾ ਹੈ। ਇਹ ਤਾਂ ਰਾਜਨ ਦਾ ਚਿਹਰਾ ਏ, ਰਾਜਨ ਦਾ.....

× × ×

ਸਵੇਰੇ ਕਾਫੀ ਦਿਨ ਚੜ੍ਹੇ ਉਸਦੀ ਨੀਂਦ ਖੁਲ੍ਹਦੀ ਹੈ। ਬਿਸਤਰੇ ਤੇ ਪਿਆ੨ ਉਹ ਕਮਰੇ ਦਾ ਜਾਇਜ਼ਾ ਲੈਂਦਾ ਹੈ।

ਰੀਟਾ ਦੀ ਯਾਦ ਆਉਂਦੀ ਹੈ। ਪਰ ਰੀਟਾ ਕਮਰੇ ਵਿਚ ਨਹੀਂ ਹੈ। ਉਹ ਚੁਫੇਰੇ ਵੇਖਦਾ ਹੈ। ਟੇਬਲ ਤੇ ਪਿਆ ਉਸਦਾ ਕਾਲਾ ਪਰਸ ਉਸਦੇ ਹੋਣ ਦੀ ਗਵਾਹੀ ਭਰ ਰਿਹਾ ਹੈ। ਉਹ ਉੱਠ ਕੇ ਬਾਰੀ ਕੋਲ ਚਲਾ ਜਾਂਦਾ ਹੈ ਤੇ ਬਾਹਰ ਵੇਖਣ ਲੱਗ ਪੈਂਦਾ ਹੈ। ਤਾਰਾਂ ਨਾਲ ਉਲਝੀ ਪਾਟੀ ਪਤੰਗ ਉਸਦਾ ਧਿਆਨ ਖਿੱਚ ਲੈਂਦੀ ਹੈ। ਹਵਾ ਨਾਲ ਉਹ ਫੜ-ਫੜਾ ਰਹੀ ਹੈ।

ਹੁਣ ਕਮਰੇ ਵਿਚ ਨੀਲੂ ਆ ਗਈ ਹੈ ਆ ਕੇ ਉਸ ਅਟੈਚੀ ਦੀ ਮੰਗ ਕੀਤੀ ਹੈ, ਪਾਟੀ ਪਤੰਗ ਵਲ ਵੇਖਦਾ ਹੈ। ਕਾਗਜ਼ ਤੋਂ ਵਖ ਹੋ ਕੇ ਸਿਧੀਆਂ ਹੋ ਗਈਆਂ ਕਮਾਨੀਆਂ ਵਲ ਵੇਖਦਾ ਹੈ, ਉਸਨੂੰ ਇਹ ਇਕ ਪਿੰਜਰ ਜਾਪਦੀਆਂ ਹਨ।

ਨੀਲੂ ਕਾਲੇ ਪਰਸ ਨੂੰ ਬੜੇ ਪ੍ਰੇਮ ਨਾਲ ਉਲਟ ਪੁਲਟ ਰਹੀ; ਅਟੈਚੀ ਲੈਣ ਦਾ ਇੰਤਜ਼ਾਰ ਕਰ ਰਹੀ ਹੈ।

ਰੀਟਾ ਵੀ ਕਮਰੇ 'ਚ ਆ ਗਈ ਹੈ, ਉਸਦੇ ਵਾਲ ਗਿੱਲੇ ਹਨ ਤੇ ਪਾਣੀ ਦੀਆਂ ਬੂੰਦਾਂ ਹੇਠਾਂ ਡਿੱਗ ਰਹੀਆਂ ਹਨ।

ਉਹ ਰੀਟਾ ਨੂੰ ਗਹੁ ਨਾਲ ਵੇਖਦਾ ਹੋਇਆ ਕਹਿੰਦਾ ਹੈ— "ਨੀਲੂ, ਜਾਹ ਅਟੈਚੀ ਨਹੀਂ ਹੈ...... ।"

"ਪਰ ਅੰਕਿਲ ਤੁਸੀਂ ਤਾਂ ਅੱਜ ਦੇਣ ਦਾ ਵਾਅਦਾ ਕੀਤਾ ਸੀ......" ਨੀਲੂ ਨੇ ਹੈਰਾਨ ਹੋ ਕੇ ਪੁਛਿਆ। ਪਰ ਉਹ ਆਪਣੀ ਹੀ ਧੁਨ ਵਿਚ ਬਲਦਾ ਜਾ ਰਿਹਾ ਹੈ— "ਮੈਂ ਕੋਈ ਹੁਧਾਰ ਦੇਣ ਦਾ ਠੇਕਾ ਨਹੀਂ ਲੈ ਲਿਆ— ਜਿਹੜਾ ਵੀ ਉਠਦਾ ਹੈ ਮੂੰਹ ਉਤਾਂਹ ਚੁਕ ਕੇ ਏਧਰ ਨੂੰ ਤੁਰ ਪੈਂਦਾ ਹੈ।...

ਉਹ ਫਿਰ ਰੀਟਾ ਵਲ ਵੇਖਦਾ ਹੈ— ਪਾਟੀ ਹੋਈ ਤੰਗ ਦੀ ਫੜਫੜਾਹਟ ਹੁਣ ਉਸਨੂੰ ਬੁਰੀ ਨਹੀਂ ਲਗਦੀ।

## ਵਿਚਾਰ ਚਰਚਾ

—ਗੁਰਸ਼ਰਨ ਸਿੰਘ

ਗਲ ਸਾਹਿਤ ਅਤੇ ਸਮਾਜ ਦੀ ਹੈ ਅਤੇ ਉਸ ਪ੍ਰਸੰਗ ਵਿਚ ਨਵੀਂ ਪੀੜ੍ਹੀ ਦੇ ਇਕ ਵਰਗ ਦੀ ਵਿਧਰੋਹ ਦੀ ਕਵਿਤਾ ਦੀ ਹੈ, ਦੇਸ਼ ਦੀ ਵਰਤਮਾਨ ਹਾਲਤ ਬਾਰੇ ਹਰ ਚਿੰਤਕ ਪਸ਼ੇਮਾਣ ਹੈ ਪਰ ਇਸ ਪਸ਼ੇਮਾਨੀ ਦਾ ਪ੍ਰਤੀ ਕਰਮ ਵੱਖ ਵੱਖ ਲੋਕਾਂ ਤੇ ਵੱਖ ਵੱਖ ਹੈ। ਕਈਆਂ ਨੇ ਇਸ ਨੂੰ ਹੋਣੀ ਮੰਨ ਕੇ ਸਵੀਕਾਰ ਕਰ ਲਿਆ ਹੈ, ਕੁਝ ਇਸ ਵਿਚ ਬੱਦਲੀ ਦੇ ਇੱਛਕ ਹਨ ਪਰ ਆਪਣੀ ਉਮਰ, ਪੇਸ਼ੇ ਜਾਂ ਕੁਝ ਹੋਰ ਘਰੇਲੂ ਮਜਬੂਰੀਆਂ ਕਰਕੇ ਲੋੜੀਂਦੀ ਬਦਲੀ ਲਿਆਉਣ ਵਿਚ ਕੁਝ ਸਰਗਰਮ ਹਿੱਸਾ ਨਹੀਂ ਪਾ ਸਕਦੇ ਜਾਂ ਸ਼ਾਇਦ ਇਸ ਗਲ ਵਿਚ ਯਕੀਨ ਰੱਖਦੇ ਹਨ ਕਿ ਹੌਲੀ ਹੌਲੀ ਸਭ ਠੀਕ ਹੋ ਜਾਏਗਾ। ਨੌਜਵਾਨ ਪੀੜ੍ਹੀ ਦਾ ਇੱਕ ਹਿੱਸਾ ਐਸਾ ਉਭਰ ਕੇ ਸਾਹਮਣੇ ਆ ਰਿਹਾ ਹੈ, ਜਿਸ ਵਾਸਤੇ ਸਮਾਜ ਦੀ ਇਹ ਸੜਿਹਾਂਦ ਬਰਦਾਸ਼ਤ ਤੋਂ ਬਾਹਰ ਹੈ, ਉਹ ਇਸਨੂੰ ਮੁਕਾਉਣ ਵਾਸਤੇ ਸਰਗਰਮੀ ਨਾਲ ਮੈਦਾਨ ਵਿਚ ਨਿਤਰੇ ਹਨ। ਇਹ ਸਪਸ਼ਟ ਹੈ ਕਿ ਇਸ ਕਰਮ ਨੇ ਹੀ ਦੇਸ਼ ਦੀ ਬਣਨ ਵਾਲੀ ਨੁਹਾਰ ਵਿਚ ਵਡਾ ਹਿੱਸਾ ਪਾਉਣਾ ਹੈ। ਇਤਿਹਾਸ ਇਸਦਾ ਗਵਾਹ ਹੈ ਕਿ ਜਿਹੜੇ ਕੁਝ ਨਾ ਕਰਨਾ ਚਾਹੁਣ ਜਾਂ ਚਾਹੁੰਦਿਆਂ ਹੋਇਆਂ ਕੁਝ ਨਾਂ ਕਰ ਸਕਣ, ਉਹਨਾਂ ਇਤਿਹਾਸ ਦੇ ਕਿਸੇ ਪੜਾ ਵਿਚ ਕੋਈ ਮਹੱਤਵ ਪੂਰਨ ਹਿੱਸਾ ਨਹੀਂ ਪਾਇਆ।

ਸਾਹਿਤ ਵਿਚ ਵੀ ਇਹਨਾਂ ਨੌਜਵਾਨਾਂ ਦੇ ਵਿਚਾਰਾਂ ਦਾ ਪੂਰਾ ਪ੍ਰਗਟਾਵਾ ਹੋ ਰਿਹਾ ਹੈ, ਪੰਜਾਬੀ ਸਾਹਿਤ ਵਿਸ਼ੇਸ਼ ਕਰਕੇ ਕਵਿਤਾ ਵਿਚ ਨਵੀਂ ਪੀੜ੍ਹੀ ਦੇ ਇਸ ਜਿਸਨੂੰ ਅਸੀਂ 'ਵਿਧਰੋਹੀ ਵਰਗ' ਆਖ ਸਕਦੇ ਹਾਂ, ਪੂਰੀ ਤਰ੍ਹਾਂ, ਸਰਗਰਮ ਹੈ। ਇਹ ਚੰਗਾ ਸ਼ਗਨ ਹੈ ਕਿ ਇਹ ਵਰਗ ਕਲਾ ਦੀ ਪ੍ਰਤਿਭਾ ਤੋਂ ਵਾਂਝਿਆ ਨਹੀਂ। ਬਹੁਤ ਹੱਦ ਤਕ ਚੰਗਾ ਸਾਹਿਤ ਇਹਨਾਂ ਦੀ ਕਲਮ ਤੋਂ ਜਨਮ ਲੈ ਰਿਹਾ ਹੈ ਭਾਵੇਂ ਇਸ ਵਿਚ ਸ਼ਕ ਨਹੀਂ ਕਿ ਇਸ ਕਵਿਤਾ ਵਿਚ ਹਾਲੇ ਹੋਰ ਵੀ ਚੰਗਾ ਹੋਣ ਦੀ ਬੜੀ ਗੁੰਜਾਇਸ਼ ਹੈ ਐਪਰ ਵੇਖਿਆ ਗਿਆ ਹੈ ਕਿ ਬੁਧ ਜੀਵਾਂ ਦੇ ਵੱਡੇ ਤੱਬਕੇ ਵਿਚ ਇਸ ਸਾਹਿਤ ਵਲ ਇਕ ਦੋਸਤਾਨਾ ਨਜ਼ਰੀਆ ਨਹੀਂ ਹੈ, ਇਸ ਵਿਚ ਕੁਝ ਕਸੂਰ ਵਿਧਰੋਹੀ ਵਰਗ ਦਾ ਆਪਣਾ ਹੈ, ਜਿਹੜੇ ਹਰ ਵੇਲੇ ਹਰ ਕਿਸੇ ਦੀ ਪੱਗ ਨੂੰ ਹੱਥ ਪਾਉਣ ਲਈ ਉਤਾਵਲੇ ਹਨ ਭਾਵੇਂ ਆਪਣੇ ਰੋਜ਼ ਦੇ ਜੀਵਨ ਤੇ ਕੋਈ ਸਾਸ਼ਨ ਲਾਗੂ ਕਰਨ ਵਿਚ ਯਕੀਨ ਨਹੀਂ ਰਖਦੇ। ਉਹ ਸ਼ਾਇਦ ਇਸ ਸਿਧਾਂਤ ਦੇ ਕਾਇਲ ਹਨ ਕਿ ਆਪਣੇ ਆਪ ਨੂੰ ਕਾਇਮ ਕਰਨ ਲਈ ਹਰ ਸਥਾਪਤ ਵਿਯਕਤੀ ਜਾਂ ਕੀਮਤ ਨੂੰ ਢਾਉਣਾ ਜ਼ਰੂਰੀ ਹੈ, ਵਿਗਿਆਨਿਕ ਪੱਖ ਤੋਂ ਇਹ ਬਹੁਤਾ ਗ਼ਲਤ ਵੀ ਨਹੀਂ ਪਰ ਇਸ ਕਰਮ ਕਰਕੇ ਬਹੁਤੀ ਵਾਰ ਇਹਨਾਂ ਨੇ ਦੋਸਤਾਂ ਨੂੰ ਦੁਸ਼ਮਣ ਬਣਾ ਲਿਆ ਹੈ, ਸਥਾਪਤ ਲੀਕ ਦੇ ਅਸਰ ਨੂੰ ਮਿਟਾਉਣ ਲਈ ਆਪਣੀ ਸਾਧਨਾ ਨਾਲ ਵਡੀ ਲੀਕ ਪਾਉਣਾ ਹਮੇਸ਼ਾ ਚੰਗਾ ਗਿਣਿਆ ਜਾਂਦਾ ਹੈ।

ਐਪਰ ਬਹੁਤਾ ਕਸੂਰ ਬੁੱਧੀ ਜੀਵਾਂ ਦੀ ਆਪਣੀ ਤੰਗ ਸੋਚਣੀ ਦਾ ਹੈ, ਜੋ ਸਮੇਂ ਦੀ ਇਸ ਨੁਹਾਰ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ। ਉਹਨਾਂ ਦੇ ਸੰਕੋਚ ਵਿਚ ਬੁਜ਼ਦਿਲੀ ਦੀ ਵੀ ਥਾਂ ਹੈ, ਵਿਧਰੋਹ ਦੇ ਹਰ ਅੰਸ਼ ਵਿਚ ਉਹਨਾਂ ਨੂੰ ਨੱਕਸਲੀ ਅੰਸ਼ ਦਿਸਦਾ ਹੈ, ਅਤੇ ਨੱਕਸਲੀ ਹਊਆ ਉਹਨਾਂ ਦੇ ਭੈਅ ਦਾ ਕਾਰਨ ਹੈ, ਭਾਵੇਂ ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਇਤਿਹਾਸ ਵਿਚ ਵਿਧਰੋਹ ਦੀ ਹਰ ਲਹਿਰ ਨੂੰ ਕੋਈ ਨਾ ਕੋਈ ਨਾਂ ਦੇ ਕੇ ਸਥਾਪਤ ਨਿਜ਼ਾਮ ਨੇ ਉਹਦਾ ਗਲ੍ਹਾਂ ਘੁਟਣਾ ਚਾਹਿਆ ਹੈ।

ਸਥਾਪਿਤ ਕੀਮਤਾਂ ਭਾਵੇਂ ਉਹਨਾਂ ਦਾ ਸੰਬੰਧ ਧਰਮ ਨਾਲ ਹੈ, ਰਾਜਨੀਤੀ ਨਾਲ ਹੈ ਜਾਂ ਆਰਥਕ ਭਾਈਚਾਰੇ ਨਾਲ ਹੈ, ਆਪਣਾ ਸਮਾਂ ਪੁੱਗਾ ਚੁਕੀਆਂ ਹਨ ਤੇ ਉਹ ਹੁਣ ਖਲੋਤੇ ਪਾਣੀ ਵਾਂਗ ਸੜਿਹਾਂਦ ਮਾਰ ਰਹੀਆਂ ਹਨ, ਉਹਨਾਂ ਦੇ ਵਿਰੁਧ ਪ੍ਰਤੀਕਰਮ ਹੋਣਾ ਤਾਂ ਜ਼ਰੂਰੀ ਹੈ, ਉਸ ਨੂੰ ਭਾਵੇਂ ਨੱਕਸਲੀ ਕਹਿ ਲਈਏ ਜਾਂ ਤੱਤੇ ਲਹੂ ਦਾ ਉਬਾਲ ਕਹਿ ਲਈਏ ਜਾਂ ਇਨਸਾਫ਼ ਲਈ ਵੰਗਾਰ ਕਹਿ ਲਈਏ, ਸਾਹਿਤ ਵਿਚ ਇਸ ਰੁਝਾਣ ਦੇ ਪ੍ਰਗਟਾਵੇ ਨੂੰ 'ਜੀ ਆਇਆਂ' ਆਖਣਾ ਚਾਹੀਦਾ ਹੈ, ਵਿਧਰੋਹ ਦੇ ਪ੍ਰਸੰਗ ਵਿਚ ਕੁਝ ਕਵਿਤਾਵਾਂ ਦਾ ਹਵਾਲਾ ਦੇ ਕੇ ਨੌਜਵਾਨਾਂ ਦੇ ਇਸ ਵਰਗ ਦੀ ਸੋਚਣੀ ਵਿਚ ਹੋ ਰਹੇ ਮੰਥਨ ਨੂੰ ਇਥੇ

'ਵਿਚਾਰ ਚਰਚਾ' ਲਈ ਪੇਸ਼ ਕੀਤਾ ਜਾ ਰਿਹਾ ਹੈ ਤਾਂ ਜੋ ਇਸਦਾ ਆਲੋਚਨਾਤਮਕ ਮੁਲ-ਅੰਕਨ ਹੋ ਸਕੇ।

ਮਹਿੰਦਰ ਦੁਸਾਂਝ ਦੀ ਇਕ ਕਵਿਤਾ 'ਰਾਤ' ਹੈ ਜਿਸ ਵਿਚ ਕਵੀ ਸਮਾਜ ਨੂੰ ਕਾਲੀ ਬੋਲੀ ਰਾਤ ਦਾ 'ਚਿੰਨ੍ਹ' ਦੇ ਕੇ ਇਸ ਵਿਚ ਹੋ ਰਹੇ ਅਨਅਰਥ ਨੂੰ ਵੰਗਾਰਦਾ ਹੈ, ਸਥਾਪਤ ਕਾਨੂੰਨ ਨੂੰ ਉਹ ਮੌਤ ਸਮਝਦਾ ਹੈ ਤੇ ਇਸ ਰਾਤ ਦਾ ਸਮਾਂ ਮਿਥਣ ਲਈ ਜਦੋ ਜਹਿਦ ਦਾ ਸੱਦਾ ਦੇਂਦਾ ਹੈ।

ਰਾਤ :—

੧੯੪੭ ਤੋਂ.................ਤਕ ਲੰਮੀ ਹੈ
ਤੇ ਰਾਤ ਵਿਚ ਬੜਾ ਕੁਝ ਹੁੰਦਾ ਹੈ—
ਮੇਰੇ ਨੌਜਵਾਨ ਦੋਸਤ ਅੰਗਿਆਰਾਂ ਵਾਂਗ
ਸੁਲਗਦੇ ਹਨ
ਪਰ ਰਾਤ 'ਚੋਂ ਨੇਰ੍ਹ ਨਹੀਂ ਨਿਕਲਦਾ
ਘਿਓ 'ਚੋਂ ਗਰੀਸ ਤੇ ਮਸਾਲੇ ਤੋਂ ਲਿੱਦ
ਸਫਰ ਕਰਕੇ ਜਦੋਂ ਅਦਾਲਤ ਤਕ ਪਹੁੰਚਦੇ ਹਨ
ਤਾਂ ਅਦਾਲਤ ਵਿਚ ਉਨ੍ਹਾਂ ਨੂੰ ਕੋਈ ਨਹੀਂ ਪੁਛਦਾ
ਜਿਹੜੇ ਰਾਤ ਦੇ ਕਾਨੂੰਨ 'ਚੋਂ
ਇਨਸਾਫ ਲਭਦੇ ਹਨ
ਉਹ ਅਗ 'ਚੋਂ ਠੰਡਕ ਲੱਭਣ ਵਰਗੀ
ਮੂਰਖਤਾ ਕਰਦੇ ਹਨ
ਜੋ ਰਾਤ ਦੇ ਕਾਨੂੰਨ ਦਾ ਸਤਿਕਾਰ ਕਰਦੇ ਹਨ
ਉਹ ਕਾਨੂੰਨ ਦੀ ਅੱਗ ਲਾਲ ਹੌਲੀ ਹੌਲੀ
ਮੋਮਬੱਤੀਆਂ ਵਾਂਗ ਬਲਦੇ ਹਨ
ਜੋ ਰਾਤ ਦੇ ਕਾਨੂੰਨ ਨੂੰ ਭੰਗ ਕਰਦੇ ਹਨ
ਉਹ ਕਾਨੂੰਨ ਦੀ ਸੂਲੀ ਤੇ ਖੜਦੇ ਹਨ
ਤੇ ਹਰ ਰਾਤ ਦੀ ਸੀਮਾਂ ਤੇ ਦਮਕਦੇ ਸੂਰਜ
ਵਾਂਗ ਚੜ੍ਹਦੇ ਰਨ

ਰਾਤ :—
੧੯੪੭ ਤੋਂ ........ ਤੱਕ ਲੰਮੀ ਹੈ
ਆਉ ਇਸਦਾ ਸਮਾਂ ਨਿਸਚਿਤ ਕਰਨ ਦਾ ਯਤਨ ਕਰੀਏ

(ਮਹਿੰਦਰ ਦੁਸਾਂਝ ਪ੍ਰੀਤ ਲੜੀ ਅਕਤੂਬਰ ੭੦)

ਕਵੀ ਤਨਜ਼ ਦਾ ਹਥਿਆਰ ਵਰਤਦਾ ਹੈ, ਉਹਨਾਂ ਲੋਕਾਂ ਤੇ ਚੋਟ ਕਰਦਾ ਹੈ ਜੋ ਭਾਰਤ ਦੀ ਮਹਾਨ ਸਭਿਅਤਾ ਅਤੇ ਵਿਰਸੇ ਦੇ ਗੁਣ ਗਾਉਂਦੇ ਨਹੀਂ ਥੱਕਦੇ ਪਰ ਵਰਤਮਾਨ ਵਲ ਅੱਖਾਂ ਬੰਦ ਕਰੀ ਬੈਠੇ ਹਨ। ਕਵੀ ਲਈ ਭਾਰਤ ਸ਼ਬਦ ਹੁਣ ਕਿਸੇ ਪੁਰਾਣੀ ਸੰਸਕ੍ਰਿਤੀ ਤਕ ਸੀਮਤ ਨਹੀਂ ਹੁਣ ਉਹ ਭਾਰਤ ਸ਼ਬਦ ਦੇ ਅਰਥ ਭਾਰਤ ਦੇ ਕ੍ਰੋੜਾਂ ਲੋਕਾਂ ਤੋਂ ਲੈਂਦਾ ਹੈ, ਜੋ ਮਿਹਨਤਕਸ਼ ਹਨ। ਉਹ ਉਹਨਾਂ ਲੋਕਾਂ ਦੇ ਸਿਰਾਂ ਦੀ ਟੋਪੀ ਉਛਾਲਦਾ ਹੈ ਜੋ ਕੌਮੀ ਏਕਤਾ ਆਦਿਕ ਬੇਥਵੇ ਨਾਅਰਿਆਂ ਨਾਲ ਭਾਰਤ ਦੀ ਮਹਾਨਤਾ ਮਿਣਦੇ ਹਨ, ਉਹਦੇ ਸ਼ਬਦ ਰੋਹ ਵਾਲੇ ਹਨ :

ਮੇਰੇ ਸਤਿਕਾਰ ਦਾ ਸਭ ਤੋਂ ਮਹਾਨ ਸ਼ਬਦ
ਜਿਥੇ ਕਿਤੇ ਵੀ ਵਰਤਿਆ ਜਾਏ
ਬਾਕੀ ਸਾਰੇ ਸ਼ਬਦ ਅਰਥਹੀਣ ਹੋ ਜਾਂਦੇ ਹਨ,
ਇਸ ਸ਼ਬਦ ਦੇ ਭਾਵ
ਖੇਤਾਂ ਦੇ ਉਨਾਂ ਪੁੱਤਰਾਂ ਤੋਂ ਹਨ
ਜਿਹੜੇ ਅਜ ਵੀ ਰੁੱਖਾਂ ਦੇ ਪਰਛਾਵਿਆਂ ਨਾਲ
ਵਕਤ ਮਿਣਦੇ ਹਨ
ਉਨ੍ਹਾਂ ਕੋਲ ਢਿੱਡ ਤੋਂ ਬਿਨਾਂ ਹੋਰ ਕੋਈ ਸਮੱਸਿਆ ਨਹੀਂ
ਤੇ ਉਹ ਭੁੱਖ ਲਗਣ ਤੇ
ਆਪਣੇ ਅੰਗ ਵੀ ਚਬਾ ਸਕਦੇ ਹਨ
ਉਹਨਾਂ ਲਈ ਜ਼ਿੰਦਗੀ ਇਕ ਪਰੰਪਰਾ ਹੈ
ਤੇ ਮੌਤ ਦੇ ਅਰਥ ਹਨ 'ਮੁਕਤੀ'
ਜਦ ਵੀ ਕੋਈ ਸਮੁੱਚ ਭਾਰਤ ਦੀ
'ਕੌਮੀ ਏਕਤਾ' ਦੀ ਗਲ ਕਰਦਾ ਹੈ—
ਉਸਦੀ ਟੋਪੀ ਹਵਾ 'ਚ ਉਛਾਲ ਦਿਓ
ਉਸਨੂੰ ਦੱਸੋ
ਕਿ ਭਾਰਤ ਦੇ ਅਰਥ
ਕਿਸੇ ਦੁਸ਼ਯੰਤ ਨਾਲ ਸੰਬੰਧਤ ਨਹੀਂ
ਸਗੋਂ ਖੇਤਾਂ ਵਿਚ ਦਾਇਰ ਹਨ
ਜਿਥੇ ਅੰਨ ਉਗਦਾ ਹੈ
ਤੇ ਜਿਥੇ ਸੰਨ੍ਹਾਂ ਲਗਦੀਆਂ ਹਨ

(ਪਾਸ਼—ਪ੍ਰੀਤ ਲੜੀ ਅਗਸਤ ੭੦)

ਕਵੀ ਹੋਰ ਰੋਹ ਵਿਚ ਆਂਦਾ ਹੈ, ਤਾਂ ਭਾਰਤ ਮਾਤਾ ਨੂੰ ਸਿੱਧਾ ਸੰਬੋਧਨ ਕਰਦਾ ਹੈ ਕਿ ਤੂੰ ਆਪਣੇ ਭੰਡਾਰੇ

ਸਾਡੇ ਲਈ ਕਦੋਂ ਖੋਲ੍ਹੇਂਗੀ ?

ਮੇਰੀ ਮਾਂ ਨੇ ਸਿਰਫ ਇਕ ਦਿਨ
ਘਿਓ ਦੁੱਧ ਨੂੰ ਤਾਲਾ ਲਾਇਆ ਸੀ,
ਮੇਰਾ ਦਿਲ ਮਾਂ ਦਾ ਬੂਥਾ
ਨੋਚ ਲੈਣ ਨੂੰ ਕੀਤਾ
ਤੇ ਤੂੰ ਭਾਰਤ ਮਾਂ
ਹਰ ਸ਼ੈ ਨੂੰ ਜੰਦਰਾ
ਲਾ ਰੱਖਿਆ ਹੈ।
ਤੂੰ ਗੁਦਾਮਾਂ ਦੀਆਂ ਚਾਬੀਆਂ ਕਦੋਂ ਤੇ ਕਿਵੇਂ
ਦੇਣੀਆਂ ਹਨ ?
ਕੀ ਮੈਂ ਤੇਰੀ ਇੱਜਤ ਦਾ ਭਾਂਡਾ
ਵਿਚ ਚੌਰਾਹੇ
ਠੀਕਰ ਠੀਕਰ ਕਰ ਦੇਵਾਂ

'ਸੰਤ ਸੰਧੂ'

ਇਸੇ ਰੋਹ ਦਾ ਪ੍ਰਗਟਾਵਾ ਲੋਕ ਨਾਥ ਦੀ ਕਵਿਤਾ 'ਬਦਲਾ' ਵਿਚ ਹੈ। ਜਿਸ ਵਿਚ ਵਲਵਲਾ ਅਗ ਦੀ ਸ਼ਕਲ ਅਖਤਿਆਰ ਕਰ ਗਿਆ ਹੈ।

ਬਦਲਾ

ਇੰਚ ਇੰਚ ਮਿੱਟੀ ਕੁਚਲ ਦਿਆਂਗੇ
ਜੰਗਲ ਚੋਂ ਚਲਾ ਦਿਆਂਗੇ ਐਟਮ ਬੰਬ
ਤੇ ਅਗ 'ਚ ਡੋਬ ਦਿਆਂਗੇ ਧਰਮ ਪੋਥੀਆਂ
ਲਵਾਂਗੇ ਬਦਲਾ......
ਸਾਨੂੰ ਲੋੜ ਨਹੀਂ
ਫੁਟ ਪਾਥਾਂ ਤੇ ਫੁਟ ਨੋਟ ਲਿਖਣ ਦੀ
ਅਸਾਂ ਕਰਨਾ ਹੈ
ਕੂੜ ਕਬਾੜ ਤੇ ਗੰਦੇ ਨਾਲਿਆਂ ਦਾ ਸੋਧ ਕਾਰਜ
ਤੇ ਸਾਥੋਂ ਲੁਕ ਨਹੀਂ ਸਕਦੀ
ਸਕੱਤਰ ਦੀ ਫਾਈਲ
ਪਤੀ ਪਤਨੀ ਦਾ ਸਾਂਝਾ ਬਿਸਤਰ
ਅਸੀਂ ਗੰਦੇ ਆਂਡਿਆਂ ਤਕ ਪੀ ਜਾਵਾਂਗੇ
ਤੇ ਹਰ ਸਵਾਲ ਦਾ ਹਲ ਲਭਾਂਗੇ ਤੋਪ ਦੀ ਅੱਗ 'ਚ

(ਲੋਕ ਨਾਥ—ਜੁਝਾਰ ੧)

ਉਠ ਰਹੇ 'ਵਿਦਰੋਹ' ਦੀ ਤੀਬਰਤਾ ਨੂੰ ਠੰਡਾ ਕਰਨ ਲਈ ਜਦੋਂ ਇਹ ਕਿਹਾ ਜਾਂਦਾ ਹੈ ਕਿ ਅਸੀਂ ਤਾਂ ਆਪਣੇ ਆਪ ਤਬਦੀਲੀਆਂ ਕਰ ਰਹੇ ਹਾਂ ਇੰਨ੍ਹਾਂ ਬੇਸਬਰਾਪਨ ਕਿਉਂ ? ਤਾਂ ਕਵੀ ਦਾ ਜਵਾਬ ਆਂਦਾ ਹੈ :

ਤੁਸੀਂ ਉਸ ਵਕਤ ਆਏ ਹੋ
ਜਦੋਂ ਕਿ ਨੰਗੀਆਂ ਬਿਜਲੀ ਦੀਆਂ ਤਾਰਾਂ ਫੜਨ ਲਈ
ਭੀੜ ਜੁੜ ਗਈ ਹੈ
ਵਰ੍ਹਿਆਂ ਦੀ ਧੁਖਦੀ ਵਿਥਿਆ. ਅੱਖਾਂ 'ਚ ਛਿਲਤਰ
ਵਾਂਗ ਖੁਭ ਗਈ ਹੈ
ਦਸ ਜਮ੍ਹਾਂ ਤੇਰਾਂ ਵਰ੍ਹਿਆਂ ਦੇ, 'ਆਪਣੇ' ਸਫਰ ਵਿਚ
ਹਿੱਸੇ ਬਣਾ ਦਿਤੇ ਗਏ ਹਾਂ
ਕੋਈ ਸਿਰ ਹੈ, ਕੋਈ ਧੜ ਹੈ, ਕੋਈ ਅੱਖਾਂ
ਤੇ ਕੋਈ ਕੁਝ ਵੀ ਨਹੀਂ......
ਤੁਸੀਂ ਉਸ ਵਕਤ ਆਏ ਹੋ
ਜਦੋਂ ਹੁਣ ਹੋਰ ਪਲ ਨੂੰ ਵੇਖਣਾ ਹੱਤਿਆ ਬਰਾਬਰ ਹੈ
ਜੇ ਥੱਕ ਕੇ ਚੂਰ ਹੋ ਗਏ ਹੋ— ਤਾਂ ਠਹਿਰੋ
ਅਗ ਦੀ ਪੁਸਤਕ ਪੜ੍ਹੋ
ਜੇ ਦਮ ਵਿਚ ਦਮ ਜ਼ਰਾ ਵੀ ਹੈ— ਤਾਂ ਆਓ
ਭੀੜ ਨੂੰ ਵਿਸਥਾਰ ਦੇਈਏ

(ਮੋਹਨਜੀਤ—ਸ਼ਰਦਲ ਅਕਤੂਬਰ ੭੦)

ਸਮਾਂ ਹੁਣ ਇਨਕਲਾਬੀ ਤਬਦੀਲੀ ਦਾ ਹੈ, ਸਮਾਂ ਹੁਣ ਸੋਧ ਦਾ ਨਹੀਂ ਇਸ ਖਿਆਲ ਨੂੰ ਪਾਸ਼ ਬਹੁਤ ਕਲਾਮਈ ਢੰਗ ਨਾਲ ਪੇਸ਼ ਕਰਦਾ ਹੈ

ਕਲ ਤਕ ਇਹ ਦਲੀਲ ਬੜੀ ਦਿਲਚਸਪ ਸੀ
ਇਸ ਤਿੰਨ ਰੰਗੀ ਜਿਲਦ ਉਤੇ
ਨਵਾਂ ਕਾਗਜ਼ ਚੜ੍ਹਾ ਦੇਈਏ—
ਪਰ ਐਵਰੈਸਟ ਤੇ ਚੜ੍ਹਨਾ
ਹੁਣ ਮੈਨੂੰ ਦਿਲਚਸਪ ਨਹੀਂ ਲਗਦਾ
ਮੈਂ ਹਾਲਾਤ ਨਾਲ ਸਮਝੌਤਾ ਕਰਕੇ
ਸਾਹ ਘਸੀਟਣੇ ਨਹੀਂ ਚਾਹੁੰਦਾ
ਮੇਰੇ ਯਾਰੋ
ਮੈਨੂੰ ਇਸ ਕਤਲਾਮ ਵਿਚ ਸ਼ਰੀਕ ਹੋ ਜਾਵਣ ਦਿਓ

(ਪਾਸ਼—ਪ੍ਰੀਤ ਲੜੀ ਜੁਲਾਈ ੭੦)

ਕੁਝ ਕਰਕੇ ਮਿਟ ਜਾਣਾ ਕਵੀ ਆਪਣਾ ਆਦੇਸ਼ ਬਣਾਂਦਾ ਹੈ ਅਤੇ ਉਹਦੇ ਲਈ ਆਪਣੇ ਵਿਰਸੇ ਤੋਂ ਅਸ਼ੀਰਵਾਦ ਮੰਗਦਾ ਹੈ

ਗੋਬਿੰਦ ਸਿੰਘ ਬਾਪਨਾ ਦੇ
ਕੱਚੀ ਗੜ੍ਹੀ ਚਮਕੌਰ ਨੂੰ ਜਾਣ ਦੀ ਹਿੰਮਤ ਵੀ
ਸਾਡੀ ਇਹ ਮਿੱਟੀ ਇਕ ਵਰਦਾਨ ਮੰਗਦੀ ਹੈ—
ਕਿ ਸਾਡੇ ਵਿਚ ਤੂੰ ਸਲਾਮਤ ਰਹੇਂ।
ਯਾਰ ਸਾਡੇ ਦੀਪ ਸਿੰਘ
ਆਪਣਾ ਕੁਝ ਵੀ ਵੰਡਿਆ ਨਹੀਂ
ਜਾਚ ਤਾਂ ਦੱਸ ਸਿਰ ਤਲੀ 'ਤੇ ਕਿਵੇਂ ਟਿਕਦਾ ਹੈ ?
ਇਹ ਸ਼ਹਿਰ ਤੇਰੀ ਸ਼ਹੀਦੀ ਦਾ
ਇਸ਼ਕ ਸਾਡੇ ਦਾ ਵੀ ਪਹਿਲਾ ਪੜਾਅ...
ਪਤਾ ਹੈ ? ਕਿ ਇਸ ਨਗਰ ਵਿਚ
ਚਲਦੀ ਚਰਖੜੀ ਤੇ ਚਲ ਰਿਹਾ ਹੈ ਘਰ,
ਇੰਟੈਰੋਗੇਸ਼ਨ ਸੈਂਟਰ ਦਾ ਜ਼ੁਲਮ
ਪਰ ਅਸਾਂ ਸਿਰ ਨਿਵਾ ਕੇ
ਗੰਦਗੀ 'ਚ ਰੀਂਘਦੀ ਜ਼ਿੰਦਗੀ ਨਹੀਂ ਮੰਗਣੀ
ਸਿਰ ਉਠਾ ਕੇ ਬਿਜਲੀਆਂ ਨੂੰ ਅੱਖ ਮਾਰਾਂਗੇ
ਬੰਦਿਆਂ ਅਤੇ ਭਾਈ ਚਾਰਿਆਂ ਦੇ ਰੌਂ ਹੀ
ਤਾਂ ਹੁੰਦੇ ਨੇ

(ਦਰਸ਼ਨ ਖਟਕੜ—ਪ੍ਰੀਤ ਲੜੀ ਅਗਸਤ ੭੦)

ਸਮਾਂ ਸਾਡੇ ਨਾਲ ਹੈ, ਫਿਰ ਅਸੀਂ ਕਿਉਂ ਝਿਜਕੀਏ ? ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਇਕ ਮਾਰੂ ਹੱਲਾ ਕਿਉਂ ਨਾ ਬੋਲੀਏ ? ਲਹੂ ਡੋਲ੍ਹੇ ਬਿਨਾਂ ਇਹ ਸੁਪਨਾ ਕਦੋਂ ਪੂਰਾ ਹੋਏਗਾ ? ਜਗਤਾਰ ਨੇ ਆਪਣੀ ਕਵਿਤਾ ਸਲੀਬਾਂ ਦੇ ਸ਼ਹਿਰ ਵਿਚ ਇਸਦਾ ਕਲਾਮਈ ਪ੍ਰਗਟਾਵਾ ਕੀਤਾ ਹੈ :

ਸੱਪਾਂ ਨੇ ਜੇ ਸੁਪਨੇ 'ਚ, ਹੈ
ਪਰਬਤ ਨੂੰ ਨਿਗਲ ਲੀਤਾ ਤਾਂ ਕੀ
ਸੱਚ ਦੇ ਮੂੰਹ ਤੇ ਉਦਾਸੀ ਹੋਵੇ ?
ਜਿਸ ਰਾਹ ਤੇ ਤੁਰੇ ਹਾਂ ਅਸੀਂ
ਉਸ ਰਾਹ 'ਚ ਸਲੀਬਾਂ ਦੇ ਸ਼ਹਿਰ
ਖ਼ੂਨ ਦੇ ਦਰਿਯਾ ਮਕਤਲ
ਤਲਵਾਰਾਂ ਦੇ ਜੰਗਲ
ਦਲਦਲ।
ਇਸ ਤੋਂ ਵੀ ਭਿਆਨਕ ਕੀ ਪਤਾ ਕੀ ਕੀ ਆਉਣਾ ?
(ਪਰ) ਕਦੇ ਸ਼ਬਦ ਵੀ ਮਰਦੇ ਨੇ ਭਲਾ ?
ਤੂੰ ਹਜ਼ਾਰਾਂ ਹੀ ਜਿਸਮਾਂ 'ਚ ਜਿਉਂਦਾ ਏਂ
ਤੇ ਜਿਊਂਦਾ ਰਹੇਂਗਾ
ਤੂੰ ਇਕ ਐਸੇ ਲਹੂ ਦਾ ਨਕਸ਼ ਏਂ ਜੋ
ਹਰ ਘਰ ਦੀ ਹੀ ਦੀਵਾਰ 'ਤੇ
ਦਮਕੇਗਾ ਤੇ ਮੁਸਕਾਏਗਾ
ਉਸ ਵਕਤ ਤੇਰੇ ਖ਼ੂਨ ਦੇ ਇਸ ਨਕਸ਼ ਨੂੰ
ਤੋਪਾਂ ਦੀ ਸਲਾਮੀ ਮਿਲੇਗੀ,
ਉਸ ਵਕਤ ਵੀ ਇਹ ਸੱਪ ਤਾਂ ਸ਼ਾਇਦ ਹੋਵਣ
ਪਰਬਤ ਨੂੰ ਨਿਗਲ ਜਾਣ ਦਾ ਪਰ
ਖਾਬ ਨਹੀਂ ਆਏਗਾ

(ਜਗਤਾਰ—ਸਰਦਲ ਅਕਤੂਬਰ ੭੦)

ਕੀ ਇਹ ਸਾਹਿਤ ਵਿਦਰੋਹ ਦੀ ਸੱਚੀ ਤਰਜਮਾਨੀ ਕਰਨ ਲਈ ਲਿਖਿਆ ਜਾ ਰਿਹਾ ਹੈ, ਜਾਂ ਕੇਵਲ 'ਫੈਸ਼ਨ' ਦੀ ਉਪਜ ਹੈ ਇਸ ਬਾਰੇ ਸਹੀ ਅਨੁਮਾਨ ਕੁਝ ਸਮੇਂ ਦੇ ਨਾਲ ਹੀ ਲਗੇਗਾ, ਕਵੀ ਦੀ ਵਿਦਰੋਹ ਦੀ ਅੱਗ ਜੇਕਰ ਕਿਸੇ ਸਾਸ਼ਨ ਨਾਲ ਆਪਣੇ ਆਪ ਨੂੰ ਜੋੜੇਗੀ ਤਾਂ ਕਲਿਆਨਕਾਰੀ ਸਾਬਤ ਹੋਵੇਗੀ, ਜੇਕਰ 'ਫੈਸ਼ਨ' ਨਾਲ ਸਬੰਧਤ ਰਹੀ ਤਾਂ ਅਪਣੀ ਅੱਗ ਵਿਚ ਕਵੀ ਆਪ ਸੜ ਜਾਏਗੀ, ਅੱਗ ਨਾਲ ਰੁਮਾਂਸ ਬਚਿਆਂ ਦੀ ਖੇਡ ਨਹੀਂ ਤੇ ਨਾਂ ਹੀ ਸ਼ੁਗਲ ਹੋ ਸਕਦਾ ਹੈ, 'ਦੰਭ' ਬਹੁਤਾ ਸਮਾਂ ਨਹੀਂ ਖਲੋ ਸਕਦਾ। ਕਵੀ ਆਪ ਕਹਿੰਦਾ ਹੈ।

ਉਹ ਵਕਤ ਬੀਤ ਚੁਕਾ ਹੈ
ਜਦੋਂ ਕੋਈ ਉਂਗਲੀ ਨੂੰ ਲਹੂ ਲਾ ਕੇ ਸ਼ਹੀਦ ਅਖਵਾ ਸਕਦਾ ਸੀ
ਉਹ ਵਕਤ ਬੀਤ ਚੁਕਾ ਹੈ
ਜਦੋਂ ਕੋਈ ਮਜਮਾ ਤੇ ਅਡੰਬਰ ਰਚਾ ਸਕਦਾ ਸੀ
... ... ...
ਹੁਣ ਡੁਗਡੁਗੀ ਦੀ ਨਹੀਂ
ਉਸ ਚੀਕਦੀ ਆਵਾਜ਼ ਦੀ ਲੋੜ ਹੈ
ਜੋ ਉਠ ਰਹੀ ਹੈ ਸ਼ਹਿਰ ਦੀਆਂ ਭੀੜਾਂ 'ਚੋਂ

ਛਾਪੇਖਾਨੇ ਦੀਆਂ ਚਲਦੀਆਂ ਮਸ਼ੀਨਾਂ 'ਚੋਂ'
ਇਨ੍ਹਾਂ ਮਜ਼ਮਿਆਂ ਤੇ ਅਡੰਬਰਾਂ ਨੂੰ ਨਿਗਲ ਜਾਏਗੀ
(ਗੁਰਮੀਤ ਸੇਠੀ 'ਚਕਰ' ੩—ਹੇਮਜਿਉਤੀ
ਅਕਤੂਬਰ—੭੦)

ਅਖੀਰ ਵਿਚ ਇਕ ਸਲਾਹ ਹੈ— (ਭਾਵੇਂ ਵਿਧਰੋਹ ਕਿਸੇ ਸਲਾਹ ਨਹੀਂ ਕਰਮ ਵਿਚ ਯਕੀਨ ਰਖਦਾ ਹੈ) ਨੌਜਵਾਨ ਪੀੜ੍ਹੀ ਦੇ ਕੁਝ ਕਵੀਆਂ ਦਾ ਆਪਣਾ ਜੀਵਨ ਕਦੀ ਕਦੀ ਨਿਰਾਸ਼ ਕਰਦਾ ਹੈ, ਢਾਣੀ ਬਣਾ ਕੇ ਸ਼ਰਾਬਾਂ ਪੀਣੀਆਂ ਤੇ ਇਕ ਦੂਜੇ ਨੂੰ ਗਾਹਲਾਂ ਦੇਣੀਆਂ ਉਹਨਾਂ ਦੇ ਜੀਵਨ ਦਾ ਇਕ ਅੰਗ ਹੈ। ਇਹ 'ਦਿਸ਼ਾ ਹੀਣ' ਸਮਾਜ ਦੀ ਉਹਨਾਂ ਨੂੰ ਦੇਣ ਹੈ, ਜਿਸਤਰ੍ਹਾਂ ਉਹ ਹੋਰ ਸਥਾਪਤ ਕੀਮਤਾਂ ਦੇ ਵਿਰੁਧ ਵਿਧਰੋਹ ਕਰਦੇ ਹਨ, ਉਮੀਦ ਕੀਤੀ ਜਾਂਦੀ ਹੈ ਕਿ ਉਹ ਇਸ 'ਦੇਣ' ਦੇ ਵਿਰੁਧ ਵੀ ਵਿਧਰੋਹ ਕਰਨਗੇ, ਜਿਨ੍ਹਾਂ ਨੇ ਦੇਸ਼ ਦੀਆਂ ਤਕਦੀਰਾਂ ਬਦਲਣ ਦੀ ਠਾਣੀ ਹੋਵੇ, ਉਹਨਾਂ ਦਾ ਕਿਸੇ ਸ਼ਾਸਨ ਦਾ ਪਾਬੰਦ ਹੋਣਾ ਜ਼ਰੂਰੀ ਹੈ।

★

## ਉਰਦੂ ਕਹਾਣੀ/**ਫੈਸਲਾ**/ਮਿਰਾਜ ਅਨਵਰ

"ਸ਼ਕੀਲਾ"

"ਹੂੰ"

"ਕਲ ਤੋਂ ਕਾਲਜ ਬੰਦ ਹੋ ਰਹੇ ਨੇ"

"ਮੈਨੂੰ ਪਤਾ"

"ਮੈਂ ਸੋਚ ਰਿਹਾਂ ਕਿ ਕਲ ਘਰ ਚਲਿਆ ਜਾਵਾਂ"

"ਚੰਗੀ ਗਲ ਏ।"

"ਪਰ ਤੇਰੇ ਕੋਲੋਂ ਮੈਂ ਬਹੁਤ ਦੂਰ ਹੋ ਜਾਵਾਂਗਾ"

"ਠੀਕ ਤਾਂ ਹੈ ਫੇਰ—?"

"ਕੀ ਮੈਂ ਤੇਰੀ ਦੂਰੀ ਸਹਿ ਸਕਾਂਗਾ ?"

"ਆਪਣੇ ਦਿਲ ਤੋਂ ਪੁਛ ਮੇਰੇ ਵਸ ਵਿਚ ਨਹੀਂ"

"ਮੈਨੂੰ ਤਾਂ ਬੜਾ ਮੁਸ਼ਕਲ ਲਗ ਰਿਹਾ ਏ।"

"ਫੇਰ ਕੀ ਖਿਆਲ ਏ—ਜਾਣਾ ਰਦ ?"

"ਰਦ ਵੀ ਹੋ ਸਕਦਾ ਏ—ਪਰ ਇਹ ਤੇਰੇ ਤੇ ਨਿਰਭਰ ਏ"

"ਇਹ ਭਾਰ ਮੇਰੇ ਤੇ ਕਿਉਂ, ਮੈਂ ਤਾਂ ਇਕ ਔਰਤ ਹਾਂ।"

"ਨਸੀਮਾ, ਸ਼ਾਰਦਾ, ਕਲਪਨਾ, ਰਜ਼ੀਆ ਬਾਰੇ ਤੇਰਾ ਕੀ ਖਿਆਲ ਏ"

"ਉਹ ਵੀ ਔਰਤਾਂ ਈ ਨੇ।"

"ਸੁਣਿਆਂ ਏ ਕਿ ਉਹ ਵੀ ਦੂਜਿਆਂ ਨਾਲ ਪਿਆਰ ਕਰਦੀਆਂ ਨੇ।"

"ਮੈਂ ਵੀ ਸੁਣਿਆ ਏ।"

"ਤੇ ਉਹ ਸਾਰੀਆਂ ਆਪਣੀ ਆਪਣੀ ਪਸੰਦ ਦੀ ਸ਼ਾਦੀ ਕਰਨ ਗੀਆਂ।"

"ਮੈਂ ਨਹੀਂ ਸਮਝ ਸਕਦੀ।"

"ਕਿਉਂ...... ?"

"ਇਹ ਸਾਰੀਆਂ ਮਸ਼ਰਕੀ ਔਰਤਾਂ ਨੇ।"

"ਇਸ ਨਾਲ ਕੀ ਫਰਕ ਪੈਂਦਾ।"

"ਇਨ੍ਹਾਂ ਦਾ ਇੰਨਾ ਗੁਰਦਾ ਨਹੀਂ ਹੁੰਦਾ ਕਿ ਜ਼ਮਾਨੇ ਦੇ ਹਾਲਾਤ ਤੇ ਘਰ ਵਾਲਿਆਂ ਦਾ ਮੁਕਾਬਲਾ ਕਰ ਸਕਣ।"

"ਉਹ ਚਾਹੁਣ ਤਾਂ ਬਾਕੀ ਸਭ ਨੂੰ ਠੁਕਰਾ ਸਕਦੀਆਂ ਨੇ।"

"ਬਹੁਤ ਮੁਸ਼ਕਲ ਏ, ਤੇ ਮੇਰੇ ਮਨਣ ਤੋਂ ਬਾਹਰ"

"ਮੈਂ ਤੇਰੇ ਨਾਲ ਸਹਿਮਤ ਨਹੀਂ"

"ਹਾਂ—ਕਿਉਂਕਿ ਤੁਸੀਂ ਇਕ ਮਰਦ ਹੋ।"

"ਜੇ ਤੈਨੂੰ ਮੁਕਾਬਲਾ ਕਰਨਾ ਪਵੇ ਤਾਂ ਤੂੰ ਕੀ ਕਰੇਂ"

"ਮੈਂ ਬਹੁਤ ਕੁਝ ਚਾਹੁੰਦਿਆਂ ਹੋਇਆਂ ਵੀ ਸਮਾਜ ਦੀ ਮੰਨਾਂਗੀ।"

"ਕਿਉਂ ?"

"ਮੈਂ ਔਰਤ ਹਾਂ।"

"ਤੇਰੀ ਇਕ ਵਾਰ ਦੀ 'ਨਾਂਹ' ਸਭਦੀ ਜ਼ਬਾਨ ਬੰਦ ਕਰ ਸਕਦੀ ਏ"

"ਮੈਨੂੰ ਡਰ ਲਗਦਾ ਏ"

ਕੀ ਸਾਡੀ ਦੋਸਤੀ ਕੇਵਲ ਦੋਸਤੀ ਹੀ ਰਹਿ ਗਈ''

''ਇਸ ਤੋਂ ਅਗੇ ਸੋਚਣਾ ਸਾਡੀ ਭੁਲ ਹੋਵੇਗੀ''

''ਫੇਰ ਤਾਂ ਮੈਂ ਗਲਤੀ ਕੀਤੀ ?''

''ਕਸ ਤਰ੍ਹਾਂ ?''

''ਤੇਰੇ ਨਾਲ ਦੋਸਤੀ ਕਰਕੇ''

''ਤੇ ਕੀ ਮੈਂ ਕੋਈ ਪਟਾ ਲਿਖ ਕੇ ਦਿਤਾ ਸੀ ਕਿ ਤੁਹਾਡੇ ਹਰ ਵਿਚਾਰ ਨਾਲ ਸਹਿਮਤ ਹੋਵਾਂਗੀ ?''

''ਨਹੀਂ, ਪਰ ਮੈਂ ਬਹੁਤ ਕੁਝ ਸੋਚ ਰਖਿਆ ਸੀ''

''ਜੋ ਸੋਚਿਆ ਜਾਏ ਜ਼ਰੂਰੀ ਨਹੀਂ ਹੋ ਜਾਏ''

''ਕੀ ਮੈਂ ਆਸ ਛਡ ਦੇਵਾਂ ?''

''ਹਾਲਾਤ ਤਾਂ ਕੁਝ ਇਹੋ ਜਿਹੇ ਹੀ ਨੇ''

''ਕੀ ਮੈਂ ਘਰ ਇੱਕਲਾ ਹੀ ਜਾਵਾਂ ?''

''ਹਾਂ, ਇੱਕਲੇ ਆਏ ਸਉ, ਇੱਕਲਿਆਂ ਜਾਣਾ ਪਵੇਗਾ''

''ਬੜੀ ਬੇਦਰਦ ਏਂ''

''ਹੁਣੇ ਬੇਵਫਾ ਵੀ ਆਖੋਗੇ !''

''ਹਾਂ—ਤੂੰ ਮੇਰਾ ਸਾਥ ਨਾ ਦਿਤਾ''

''ਔਰਤ ਦੀ ਮਜਬੂਰੀ ਸਦਾ ਬੇਵਫਾਈ ਹੁੰਦੀ ਏ''

''ਸਭ ਕੁਝ ਦਾ ਮੁਕਾਬਲਾ ਕਰਨ ਲਈ ਤ੍ਰਿਆਰ ਹੋ ਜਾ''

''ਮੁਸ਼ਕਲ ਏ, ਮੇਰੇ ਲਈ ਖਾਸ ਤੌਰ ਤੇ।''

''ਫੇਰ ਮੈਂ ਚਲਦਾ ਹਾਂ—ਇਹ ਸਾਡੀ ਆਖਰੀ ਮਿਲਣੀ ਹੋਵੇਗੀ''

''ਕਿਉਂ ਕਾਲਜ ਖੁਲ੍ਹਣ ਤੇ ਵਾਪਸ ਆਉਣ ਦਾ ਵਿਚਾਰ ਨਹੀਂ ?''

''ਜ਼ਰੂਰ ਆਵਾਂਗਾ''

''ਤਾਂ ਫੇਰ ਜਰੂਰ ਮਿਲਾਂਗੇ''

''ਹਾਂ ਮਿਲਾਂਗੇ ਤੇ ਸਹੀ—ਚੰਗਾ ਹੁਣ ਮੈਂ ਚਲਨਾ''

''ਖੁਦਾ ਹਾਫਿਜ਼''

×——×

''ਸਰਾਜ''

''ਹੁਕਮ''

''ਠੀਕ ਤਾਂ ਏਂ ?''

''ਬਿਲਕੁਲ''

''ਦਿਨ ਕਿਸਤਰ੍ਹਾਂ ਬੀਤੇ ?''

''ਠੀਕ ਹੀ''

''ਕੁਝ ਸੁਣਿਐਂ ?''

''ਅੱਜ ਈ ਤਾਂ ਆ ਰਿਹਾਂ''

''ਨਸੀਮਾਂ, ਸ਼ਾਰਦਾ, ਕਲਪਣਾ ਤੇ ਰਜ਼ੀਆ ਦਾ ਵਿਆਹ ਹੋ ਗਿਆ ਤੇ ਉਹ ਵੀ ਉਨ੍ਹਾਂ ਦੀ ਆਪਣੀ ਮਰਜ਼ੀ ਦਾ''

''ਅਛਾ ! ਉਹ ਕਿਵੇਂ ?''

''ਸਾਰੀਆਂ ਨੇ ਹਾਲਾਤ ਦਾ ਡਟ ਕੇ ਮੁਕਾਬਲਾ ਕੀਤਾ''

''ਸਮਾਜ ਹਾਰ ਗਿਆ ?''

''ਹਾਂ, ਔਰਤ ਜਦ ਕਿਸੇ ਸਿਟੇ ਤੇ ਪਹੁੰਚ ਜਾਂਦੀ ਏ ਤਾਂ ਉਸਦਾ ਫੈਸਲਾ ਅਟਲ ਹੁੰਦਾ ਏ''

''ਵਾਹ, ਇਹ ਤੁਸੀਂ ਕਹਿ ਰਹੇ ਓ''

''ਹਾਂ— —''

''ਪਹਿਲਾਂ ਕੀ ਗਲ ਸੀ ?''

''ਓਦੋਂ ਮੈਂ ਡਰਦੀ ਸਾਂ''

''ਹੁਣ ਕਿਉਂ ਨਹੀਂ ਡਰਦੀ''

''ਤੇਰੇ ਤੋਂ ਵਿਛੜਨ ਦੇ ਖਿਆਲ ਨੇ ਮੇਰੇ ਅੰਦਰ ਇਕ ਤਾਕਤ ਭਰ ਦਿਤੀ ਏ।''

''ਕਿਸ ਤਰ੍ਹਾਂ ਦੀ ?''

''ਕਿਸੇ ਨੂੰ ਆਪਣਾ ਬਣਾਉਣ ਦੀ''

''ਅਛਾ !''

''ਮੈਂ ਘਰ ਵਿਚ ਆਪਣਾ ਫੈਸਲਾ ਸੁਣਾ ਦਿਤਾ ਏ''

''ਅਛਾ !—ਫੇਰ—?''

''ਉਨ੍ਹਾਂ ਨੂੰ ਮੰਨਣਾ ਹੀ ਪਿਆ''

''ਕੀ—?''

''ਕਿ ਮੈਂ ਕੇਵਲ ਤੇਰੇ ਨਾਲ ਵਿਆਹ ਕਰਾਂਗੀ''

''ਵਾਹ ਵਾਹ''

''ਹਾਂ ਕੀ ਖਿਆਲ ਏ ?''

''ਬਹੁਤ ਦੇਰ ਹੋ ਗਈ—''

''ਕਿਸ ਗਲ ਦੀ ?''

''ਤੇਰੇ ਫੈਸਲਾ ਸੁਨਾਣ ਵਿਚ''

''ਕਿਉਂ ?''

''ਮੇਰਾ ਵਿਆਹ ਹੋ ਗਿਆ ਏ !!''

(ਪੰਜਾਬੀ ਰੂਪ : ਤੇਜਾ ਸਿੰਘ ਸੇਠੀ)

★

" ਤਾਇਆ ਜ਼ਿਦ ਨਾ ਕਰ, ਚਲ ਪਓ ਸਭ ਚਲੇ ਨੇ ਤੂੰ ਇਕਲਾ ਏਥੇ ਕੀਹਦੇ ਆਸਰੇ ਰਹੇਂਗਾ ? ਹੁਣ ਇਹ ਮੁਲਕ ਸਾਡਾ ਨਹੀਂ ਰਿਹਾ, ਸਾਡਾ ਮੁਲਕ ਹੁਣ ਰਾਵੀਓਂ ਪਾਰ ਚਲਾ ਗਿਆ ਏ ।"

ਹਦੈਤ ਮੋਚੀ ਨੇ ਸਾਈਂ ਖੀਉਣਸ਼ਾਹ ਨੂੰ ਪਿੰਡ ਛਡ ਤੁਰਨ ਲਈ ਬੜਾ ਜ਼ੋਰ ਲਾਇਆ ਪਰ ਖੀਉਣਸ਼ਾਹ ਨੇ ਉਸਦੀ ਇਕ ਨਾ ਸੁਣੀ ਤੇ ਸਗੋਂ ਕਿਹਾ " ਇਸ ਮਿੱਟੀ ਚੋਂ ਮੈਨੂੰ ਆਪਣੇ ਮੁੜ੍ਹਕੇ ਦੀ ਮਹਿਕ ਆਉਂਦੀ ਏ ਹਦੈਤ, ਇਸਦੀ ਗੋਦ ਵਿਚ ਮੇਰੀ ਮਾਂ ਮੇਰਾ ਪਿਉ ਮੇਰਾ ਪੁੱਤਰ ਤੇ ਮੇਰੀ ਉਮਰ ਦੀ ਸਾਥਨ ਸੁਤੇ ਪਏ ਨੇ, ਮੈਂ ਏਨੀਆਂ ਸਾਰੀਆਂ ਕਬਰਾਂ ਕਿਦਾਂ ਛਡ ਤੁਰਾਂ ? ਨਹੀਂ ਨਹੀਂ ਤੁਸੀਂ ਜਾਉ ਮੈਂ ਏਥੇ ਹੀ ਇਹਨਾਂ ਦੇ ਕੋਲ ਕਿਤੇ ਸੌਂ ਜਾਵਾਂਗਾ ਬੜੀ ਥਾਂ ਏ ।"

ਉਹ ਸਾਰਾ ਸਾਰਾ ਦਿਨ ਤਖੀਏ ਦੀਆਂ ਕਬਰਾਂ 'ਚੋਂ ਘਾਹ ਫੂਸ ਕਢਦਾ, ਰਾਤ ਨੂੰ ਮਿਸ਼ਰ ਦੀ ਹੱਟੀ ਤੇ ਬਹਿਕੇ ਹੂਰਾਂ ਦੀਆਂ ਬਾਤਾਂ ਪਾਉਂਦਾ, ਤੇ ਜਾਂ ਫਿਰ ਕਿਸੇ ਦੇ ਦੁਖ ਸੁਖ ਵਿਚ ਹੱਥ ਵਟਾਉਂਦਾ ਰਿਹਾ । ਇੰਞ ਉਸਨੇ ਚਾਰ ਸਾਲ ਹਸਦਿਆਂ ਹਸਾਉਂਦਿਆਂ ਗੁਜ਼ਾਰ ਲਏ ।

ਤੇ ਇਕ ਉਸਨੇ ਹੌਕਾ ਭਰਕੇ ਕਿਹਾ "ਚੰਗਾ ਕਰਦਾ ਜੇ ਮੈਂ ਹਦੈਤ ਦਾ ਕਿਹਾ ਮੰਨ ਲੈਂਦਾ, ਮੁਰਦਾ ਰੁਲਣ ਦਾ ਫ਼ਿਕਰ ਤਾਂ ਨਾ ਹੁੰਦਾ । "ਅਛਾ ਜੋ ਮੇਰੇ ਅੱਲਾ ਨੂੰ ਮਨਜ਼ੂਰ" ਤੇ ਉਸ ਰਾਤ ਉਸਨੇ ਕੋਈ ਬਾਤ ਨਾ ਸੁਣਾਈ । ਗੁੰਮ ਸੁੰਮ ਹੋਕੇ ਬੈਠਾ ਰਿਹਾ । ਅਚਨਚੇਤ ਹੀ ਉਸਦੇ ਮੂੰਹੋਂ ਨਿਕਲਿਆ, " ਕਲ ਕਿਸ ਵੇਖਿਐ ਸਾ-ਈਆਂ ? ਕਲ ਵੀ ਚੰਗਾ ਹੀ ਹੋਵੇਗਾ ਤਾਇਆ ਉਦਾਸ ਨਾ ਹੋ । ਅਸੀਂ ਏਨੇ ਗਏ ਗੁਜ਼ਰੇ ਨਹੀਂ ਤੇਰਾ ਮਰਨਾ ਦੁਨੀਆਂ ਵੇਖੇਗੀ, ਤੇਰੀ ਕਬਰ ਤੇ ਫੁੱਲਾਂ ਦੀ ਛਾਂ ਹੋਵੇ-ਗੀ ।" ਮਿਸ਼ਰ ਨੇ ਤਾਏ ਨੂੰ ਤਸੱਲੀ ਦਿਤੀ ਪਰ ਉਸ ਰਾਤ ਉਸਨੇ ਬਾਤ ਕੋਈ ਨਾ ਸੁਣਾਈ ।

ਆਖਰ ਉਹ ਦਿਨ ਆ ਹੀ ਗਿਆ, ਉਸਦੇ ਪੂਰੇ ਹੋਣ ਦੀ ਖਬਰ ਸਾਰੇ ਬਾਹਰੇ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ । ਸਾਈਂ ਖੀਉਣਸ਼ਾਹ ਦਾ ਜਨਾਜ਼ਾ ਉੱਠਿਆ, ਅਨੇਕ ਭਿੱਜੀਆਂ ਅਖੀਆਂ ਨੇ ਉਸ ਨੂੰ ਸਲਾਮ ਕੀਤਾ । ਕਿਸੇ ਨੇ ਗੀਤਾ ਦੇ ਸ਼ਲੋਕ ਪੜ੍ਹੇ, ਕਿਸੇ ਨੇ ਸੁਖ-ਮਨੀ ਸਾਹਿਬ ਦਾ ਪਾਠ ਕੀਤਾ, ਗਰੰਥੀ ਸਿੰਘ ਨੇ ਗਲ ਵਿਚ ਪੱਲਾ ਪਾ ਕੇ ਅਰਦਾਸ ਕੀਤੀ ਤੇ ਫਿਰ ਮਿੱਟੀ ਨੂੰ ਮਿੱਟੀ ਸੌਂਪ ਦਿਤੀ ਗਈ । ਤੇ ਹੁਣ ਤਕੀਏ ਦੀਆਂ ਕਬਰਾਂ ਵਿਚ ਹਰ ਜੁੰਮੇਰਾਤ ਨੂੰ ਪੰਜ ਦੀਵੇ ਜਗਦੇ ਨੇ ।

# ਘਾਨਾ ਦੇਸ਼ ਦੀ ਕਵਿਤਾ

## *"ਅਤੀਤ ਵਿੱਚ ਡੁੱਬੇ ਸਾਏ"*

—ਚਿਕਾਯਾ ਡੂਯਾਨ

ਧਰਤੀ ਤੇ ਅੱਜ ਵੀ
ਲਹੂ ਦੀ ਤਹਿ ਜੰਮੀ ਹੈ
ਮੈਂ ਜਾਣਦਾ ਹਾਂ
ਅੰਨ੍ਹੀਆਂ ਅੱਖਾਂ ਇਹ ਨਹੀਂ ਵੇਖ ਸਕਦੀਆਂ
ਕਿ ਇਸ ਖ਼ੂਨੀ ਤਹਿ ਥੱਲੇ
ਲਾਸ਼ਾਂ ਦੇ ਬੀਜ ਆਬਾਦ ਹਨ
ਜੋ ਇਤਿਹਾਸ ਵਿਚ
ਕਦੋਂ ਦੇ ਫੁਟ ਚੁਕੇ ਹਨ
ਇਤਿਹਾਸ—
ਉਨ੍ਹਾਂ ਦੀਆਂ ਬਾਹਵਾਂ 'ਚ ਬੱਧਾ
ਬੇਵਸ ਹੋਇਆ ਵੇਖਦਾ ਹੈ
ਕਦੇ ਉਨ੍ਹਾਂ ਨੂੰ
ਕਦੇ ਦੂਰ ਤੱਕ ਫੈਲੀ ਹੋਈ ਧਰਤੀ ਨੂੰ
ਤੇ ਉਨ੍ਹਾਂ ਵਿਚ ਰੀਂਗਦੇ......

(ਅਨੁਵਾਦਕ : ਪ੍ਰਮਿੰਦਰਜੀਤ)



ਨਰਿੰਜਨ ਤਸਨੀਮ

ਬੜੇ ਦਿਨਾਂ ਤੋਂ ਉਸ ਨੂੰ ਮਿਲਣ ਦੀ ਖ਼ਾਹਸ਼ ਸੀ। ਪਰ ਮੌਕਾ ਨਹੀਂ ਸੀ ਮਿਲ ਰਿਹਾ। ਕਈ ਵਾਰ ਸੋਚਿਆ ਕਿ ਲੁਧਿਆਣੇ ਜਾ ਕੇ ਉਸ ਨੂੰ ਮਿਲਾਂ। ਉਸ ਨਾਲ ਗੱਲਾਂ ਕਰਾਂ ਅਤੇ ਉਸ ਨੂੰ ਪੁੱਛਾਂ ਕਿ ਉਹ ਨਾਵਲ ਕਿਵੇਂ ਲਿਖਦਾ ਹੈ। ਉਸ ਦਾ ਨਾਵਲ 'ਪਿਉ ਪੁੱਤਰ' ਮੈਂ ਪੜ੍ਹ ਚੁਕਾ ਸੀ। ਸਰਵਨਟੀਜ਼ ਦੇ ਨਾਵਲ 'ਡੌਨ ਕੁਇਕਸੋਟ', ਫ਼ੀਲਡਿੰਗ ਦੇ ਨਾਵਲ 'ਜੋਜ਼ਫ ਐਂਡ ਰਿਉਜ਼' ਜਾਂ ਟੌਮ, ਜੋਨਜ਼' ਅਤੇ ਥੈਕਰੇ ਦੇ ਨਾਵਲ 'ਵੈਨਿਟੀ ਫ਼ਿਅਰ' ਵਾਂਗ ਉਸਦੀ ਇਸ ਰਚਨਾ ਵਿਚ ਨਾਵਲ ਦੀ ਤਕਨੀਕ ਨੂੰ ਭੰਗ (violate) ਕੀਤਾ ਗਿਆ ਸੀ ਅਤੇ ਉਸ ਵਿਚ ਐਸੀਆਂ ਘਟਨਾਵਾਂ ਦੀ ਭਰਮਾਰ ਸੀ ਜੋ ਨਾ ਤਾਂ ਕਿਸੇ ਪਾਤਰ ਨੂੰ ਉਸਾਰਦੀਆਂ ਸਨ ਅਤੇ ਨਾ ਹੀ ਕਹਾਣੀ ਨੂੰ ਅੱਗੇ ਤੋਰਦੀਆਂ ਸਨ। ਆਪਣੇ ਆਪ ਵਿਚ ਦਿਲਚਸਪ ਹੋਣ ਦੇ ਬਾਵਜੂਦ ਇਹ ਘਟਨਾਵਾਂ ਨਾਵਲ ਦੀ ਖ਼ੂਬਸੂਰਤੀ ਨੂੰ ਦਾਗ਼ਦਾਰ ਬਣਾਉਂਦੀਆਂ ਸਨ। ਫਿਰ ਵੀ ਕੋਈ ਗਲ ਸੀ ਇਸ ਨਾਵਲ ਵਿਚ ਜਿਸਨੇ ਮੈਨੂੰ ਪ੍ਰਭਾਵਿਤ ਕੀਤਾ ਸੀ। ਉਹ ਸੀ ਇਸਦਾ ਪੂਰਨ ਯਥਾਰਥਵਾਦ (Stark Realism), ਮੱਧ-ਵਰਗ ਦੇ ਵਿਸ਼ੇਸ਼ ਸੁਭਾਵ (ethos) ਦਾ ਚਿਤਰ ਅਤੇ ਪਹਿਲੀ ਸੰਸਾਰਕ ਜੰਗ ਤੋਂ ਬਾਅਦ ਦੇ ਅੰਮ੍ਰਿਤਸਰ ਦੇ ਸਮਾਜਕ, ਆਰਥਕ ਧਾਰਮਕ ਅਤੇ ਰਾਜਨੀਤਕ ਖੇਤਰਾਂ ਵਿਚ ਆਉਣ ਵਾਲੀਆਂ ਤਬਦੀਲੀਆਂ ਦੇ ਪਿਛੋਕੜ ਵਿਚ ਦੋ ਪੀੜ੍ਹੀਆਂ ਦੇ ਪਰਸਪਰ ਵਿਰੋਧ ਦਾ ਵਿਸ਼ਲੇਸ਼ਣ।

ਹਾਲੀ ਮੈਂ ਉਸਨੂੰ ਮਿਲਣ ਦੀਆਂ ਵਿਉਂਤਾਂ ਬਣਾ ਹੀ ਰਿਹਾ ਸੀ ਕਿ ਇਕ ਦਿਨ ਖ਼ਬਰ ਆਈ, ਕਿ ਉਸ ਦੀ ਬਦਲੀ ਸਾਡੇ ਕਾਲਜ ਵਿਚ ਹੋ ਗਈ ਹੈ ਅਤੇ ਉਹ ਛੇਤੀ ਹੀ ਆ ਰਿਹਾ ਹੈ। ਬੜੀ ਬੇਸਬਰੀ ਨਾਲ ਉਸ ਦੀ ਉਡੀਕ ਹੋਣ ਲੱਗੀ। ਇਕ ਦਿਨ ਮੈਂ ਪੀਰੀਅਡ ਲੈ ਕੇ ਆ ਰਿਹਾ ਸੀ ਕਿ ਸਟਾਫ਼ ਰੂਮ ਤੋਂ ਬਾਹਰ ਲਾਅਨ ਵਿਚ ਪਈਆਂ ਕੁਰਸੀਆਂ ਉੱਤੇ ਆਪਣੇ ਸਟਾਫ਼ ਮੈਂਬਰਾਂ ਤੋਂ ਇਲਾਵਾ ਇਕ ਹੋਰ ਵਿਅਕਤੀ ਨੂੰ ਬ੍ਰਾਜਮਾਨ ਦੇਖਿਆ। ਪਹਿਲੀ ਨਜ਼ਰ ਵਿਚ ਹੀ ਮੈਂ ਸਮਝ ਗਿਆ ਕਿ ਉਹ ਪ੍ਰੋ: ਸੁਰਿੰਦਰ ਸਿੰਘ ਨਰੂਲਾ ਹੀ ਸੀ।

" ਮੈਂ ਤਸਨੀਮ ਹਾਂ, ਨਰਿੰਜਨ ਤਸਨੀਮ "

" ਅੱਛਾ, ਅੱਛਾ— ਤੇਰੇ ਨਾਵਲ ਦਾ ਮੈਂ ਪਿਛਲੇ ਦਿਨੀਂ ਰੇਡੀਓ ਉੱਤੇ ਰੀਵੀਊ ਕੀਤਾ ਸੀ, ਕੀ ਨਾਂ ਸੀ ਉਸ ਦਾ ?"

" ਤੇੜਾਂ ਤੇ ਰੂਪ "

" ਹਾਂ, ਹਾਂ— ਨਾਵਲ ਚੰਗਾ ਏ। ਮੈਂ ਜਲੰਧਰ ਆਉਂਦਿਆਂ ਬਸ ਵਿਚ ਹੀ ਪੜ੍ਹਿਆ ਸੀ। ਹਾਲੀ ਹੋਰ ਮਿਹਨਤ ਦੀ ਜ਼ਰੂਰਤ ਏ। ਮੈਂ ਉਸ ਦੀਆਂ ਤਰੁਟੀਆਂ ਵੱਲ ਜ਼ਿਆਦਾ ਧਿਆਨ ਨਹੀਂ ਦਿੱਤਾ। ਅਸੀਂ ਇਹ ਫ਼ੈਸਲਾ ਕੀਤਾ ਹੋਇਆ ਹੈ ਕਿ ਨਵੇਂ ਲੇਖਕਾਂ ਨੂੰ ਬਹੁਤਾ ਕਰਿਟੀਸਾਈਜ਼ ਨਾ ਕੀਤਾ ਜਾਏ, ਸਗੋਂ ਉਹਨਾਂ ਨੂੰ ਹੱਲਾਸ਼ੇਰੀ ਦਿੱਤੀ ਜਾਏ।"

ਇਸ ਤੋਂ ਪਿਛੋਂ ਅਸੀਂ ਕਾਲਜ ਵਿਚ ਵੀ ਇਕੱਠੇ ਹੀ ਰਹਿੰਦੇ ਅਤੇ ਸ਼ਾਮ ਦੀ ਸੈਰ ਵੀ ਇਕੱਠੇ ਹੀ ਕਰਦੇ। ਇਕ ਦਿਨ ਕੈਨਟੀਨ ਵਿਚੋਂ ਹੋ ਕੇ ਅਸੀਂ ਸਟਾਫ਼ ਰੂਮ ਵਲ ਜਾ ਰਹੇ ਸੀ ਕਿ ਕਾਲਜ ਦੇ ਨਾਲ ਲਗਦੇ ਸਕੂਲ ਦਾ ਹੈੱਡਮਾਸਟਰ ਆਪਣੇ ਕਮਰੇ ਤੋਂ ਬਾਹਰ ਧੁੱਪ ਸੇਕਦਾ ਨਜ਼ਰੀਂ ਪਿਆ ਅਤੇ ਮੈਂ ਨਰੂਲਾ ਸਾਹਿਬ ਨੂੰ ਉਸ ਕੋਲ ਲੈ ਗਿਆ—

" ਇਹ ਪ੍ਰੋ: ਨਰੂਲਾ ਨੇ, ਪੰਜਾਬੀ ਦੇ ਬਹੁਤ ਵੱਡੇ ਨਾਵਲਕਾਰ —ਇਹਨਾਂ ਦੀਆਂ ਹੁਣ ਤੀਕ ਸੋਲ੍ਹਾਂ ਕਿਤਾਬਾਂ ਛਪ ਚੁੱਕੀਆਂ ਹਨ।"

" ਕਿਤਾਬਾਂ— ਅਸਲ ਵਿਚ ਸਾਡੇ ਕੋਲ ਇਸ ਸਾਲ ਫੰਡ ਬਹੁਤ ਥੋੜ੍ਹੇ ਹਨ। ਉਂਜ ਵੀ ਸਾਡੇ ਇਥੇ ਕਿਤਾਬਾਂ

ਕੋਈ ਘਟ ਹੀ ਪੜ੍ਹਦਾ ਹੈ। ਤੁਸੀਂ ਕਦੇ ਫੇਰ ਤਸ਼ਰੀਫ਼ ਲਿਆਉਣਾ।"

"ਨਹੀਂ, ਨਹੀਂ— ਤੁਸੀਂ ਸਮਝੇ ਨਹੀਂ। ਇਹ ਪਬਲਿਸ਼ਰ ਨਹੀਂ ਹਨ, ਪ੍ਰੋ: ਨਰੂਲਾ ਹਨ — ਸਾਡੇ ਕਾਲਜ ਦੇ ਵਾਈਸ ਪ੍ਰਿੰਸੀਪਲ, ਹੁਣੇ ਹੁਣੇ ਲੁਧਿਆਣਿਉਂ ਬਦਲ ਕੇ ਆਏ ਹਨ। ਪੰਜਾਬੀ ਦੇ ਬਹੁਤ ਵੱਡੇ ਨਾਵਲਕਾਰ......"

ਹੈੱਡਮਾਸਟਰ ਸਾਹਿਬ ਇਕ ਦਮ ਉੱਠ ਕੇ ਖੜੇ ਹੋ ਗਏ, ਉਸ ਨਾਲ ਦੁਬਾਰਾ ਹੱਥ ਮਿਲਾਇਆ, ਮੁਆਫ਼ੀ ਮੰਗੀ ਤੇ ਇਕ ਵਾਰ ਫੇਰ ਮੁਆਫ਼ੀ ਮੰਗੀ। ਇਸ ਤੋਂ ਪਿੱਛੋਂ ਅਸੀਂ ਛੇਤੀ ਹੀ ਉੱਠ ਆਏ। ਥੋੜੀ ਦੂਰ ਜਾ ਕੇ ਨਰੂਲਾ ਸਾਹਿਬ ਕਹਿਣ ਲੱਗੇ—

"ਕਮਾਲ ਏ। ਇਹ ਮੈਨੂੰ ਪਬਲਿਸ਼ਰ ਸਮਝ ਬੈਠਾ ਸੀ। ਅਸਲ ਵਿਚ ਮੇਰਾ ਇਹ ਬੈਗ ਦੇਖ ਕੇ ਇਸ ਨੂੰ ਭੁਲੇਖਾ ਪੈ ਗਿਆ। ਇਹ ਬੈਗ ਹੈ ਵੀ ਤਾਂ ਬਹੁਤ ਵੱਡਾ।"

ਇਹ ਗਲ ਨਹੀਂ, ਪ੍ਰੋਫ਼ੈਸਰ ਸਾਹਿਬ। ਪੰਜਾਬੀ ਦੇ ਇਕ ਦੋ ਪਬਲਿਸ਼ਰ ਮੈਂ ਇਸ ਨਾਲ ਮਿਲਾ ਚੁਕਿਆ ਹਾਂ। ਇਸ ਵਾਰ ਵੀ ਇਸ ਨੇ ਸਮਝਿਆ ਕਿ ਮੈਂ ਇਕ ਹੋਰ ਪਬਲਿਸ਼ਰ ਆਪਣੇ ਨਾਲ ਲੈ ਆਇਆ ਹਾਂ।"

"ਹੱਦ ਹੋ ਗਈ। ਇਸ ਨੇ ਮੈਨੂੰ ਪਬਲਿਸ਼ਰ ਹੀ ਸਮਝ ਲਿਆ ਸੀ ਇਸ ਬੈਗ ਕਰਕੇ ਹੀ......"

ਇਕ ਦਿਨ ਅਸੀਂ ਤਿੰਨ ਚਾਰ ਲੈਕਚਰਾਰ ਉਸ ਦੇ ਕਮਰੇ ਵਿਚ ਬੈਠੇ ਪੰਜਾਬੀ ਨਾਵਲ ਬਾਰੇ ਗੱਲ ਕਰ ਰਹੇ ਸੀ ਕਿ ਇਕ ਨੇ ਕਿਹਾ—

"ਨਰੂਲਾ ਸਾਹਿਬ, ਤੁਹਾਡੇ ਨਾਵਲਾਂ ਵਿਚ ਰੌਚਕਤਾ ਨਹੀਂ ਹੁੰਦੀ, ਥੋੜੇ ਚਿਰ ਬਾਅਦ ਹੀ ਕਿਤਾਬ ਬੰਦ ਕਰ ਦੇਣ ਨੂੰ ਜੀ ਕਰਨ ਲਗ ਪੈਂਦੇ।"

"ਜਿਨ੍ਹਾਂ ਨੂੰ ਨਾਨਕ ਸਿੰਘ ਦੇ ਨਾਵਲਾਂ ਵਿਚ ਚੇਟਕ ਲਗ ਜਾਏ ਉਹ ਮੇਰੇ ਨਾਵਲ ਨਹੀਂ ਪੜ੍ਹ ਸਕਦੇ। ਜ਼ਿੰਦਗੀ ਦੀ ਅਸਲੀਅਤ ਐਨੀ ਰੁਮਾਂਟਿਕ ਨਹੀਂ ਜਿੰਨੀ ਪੰਜਾਬੀ ਨਾਵਲਾਂ ਵਿਚ ਪੇਸ਼ ਕੀਤੀ ਜਾਂਦੀ ਹੈ।"

"ਰੁਮਾਂਸ ਨਾ ਸਹੀ, ਰੌਚਕਤਾ ਤਾਂ ਹੋਣੀ ਚਾਹੀਦੀ ਹੈ।"

"ਤੁਸੀਂ ਮੇਰਾ ਜਿਹੜਾ ਨਾਵਲ ਪੜ੍ਹਿਆ ਹੈ?"

"ਪਿਉ ਪੁੱਤਰ—"

"ਹੋਰ ਕੋਈ?

"ਕੋਈ ਨਹੀਂ—"

"ਇਹ ਹੀ ਤਾਂ ਗਲ ਏ। 'ਪਿਉ ਪੁਤਰ' ਮੇਰਾ ਪਹਿਲਾ ਨਾਵਲ ਹੈ। ਇਸ ਤੋਂ ਚੰਗੇ ਨਾਵਲ ਵੀ ਮੈਂ ਲਿਖੇ ਹਨ, ਜਿਵੇਂ ਕਿ 'ਸਿੱਲ ਅਲੂਣੀ', 'ਨੀਲੀ ਬਾਰ' ਆਦਿ ਪਰ ਲੋਕ ਬਸ 'ਪਿਓ ਪੁੱਤਰ' ਨੂੰ ਹੀ ਮੇਰਾ ਮਾਸਟਰਪੀਸ ਸਮਝੀ ਬੈਠੇ ਹਨ, ਇਸ ਤੋਂ ਅੱਗੇ ਪੜ੍ਹਦੇ ਹੀ ਨਹੀਂ।"

ਤੁਹਾਡੀ ਪੰਜਾਬੀ ਸਾਹਿਤ ਨੂੰ ਜੋ ਦੇਣ ਹੈ, ਉਸ ਤੋਂ ਕੋਈ ਮੁਨਕਿਰ ਨਹੀਂ। ਤੁਹਾਡੀਆਂ ਰਚਨਾਵਾਂ ਦਾ ਜਿਹੜਾ ਇਤਿਹਾਸਕ ਰੋਲ ਹੈ ਉਸ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਉਂਜ ਮੈਂ ਮਹਿਸੂਸ ਕਰਦਾ ਹਾਂ ਕਿ ਅੱਜ ਦਾ ਪੰਜਾਬੀ ਨਾਵਲ ਬਹੁਤ ਅੱਗੇ ਲੰਘ ਗਿਆ ਹੈ—ਨਵੇਂ ਵਿਸ਼ੇ, ਨਵਾਂ ਅੰਦਾਜ਼, ਨਵੀਂ ਤਕਨੀਕ।"

ਇਸ ਤਰ੍ਹਾਂ ਦੀ ਗਲ ਚਲਦੀ ਰਹੀ ਪਰ ਕੋਈ ਸਿੱਟਾ ਨਾ ਨਿਕਲਿਆ। ਅਗਲੇ ਦਿਨ ਸਵੇਰੇ ਮੈਂ ਹਾਲੀ ਕਾਲਜ ਵਿਚ ਪਹੁੰਚਿਆਂ ਹੀ ਸੀ ਕਿ ਉਹ ਮੈਨੂੰ ਇਕ ਪਾਸੇ ਲਿਜਾ ਕੇ ਕਹਿਣ ਲੱਗਾ—

"ਅੱਗੋਂ ਤੋਂ ਕਾਲਜ ਵਿਚ ਮੇਰੇ ਨਾਵਲਾਂ ਬਾਰੇ ਕੋਈ ਗਲ ਨਾ ਕਰਨੀ। ਤੂੰ ਕਹਿਨੈਂ ਕਿ ਹੁਣ ਨਵੇਂ ਨਾਵਲਕਾਰ ਉਭਰ ਰਹੇ ਹਨ। ਉਹ ਗਲ ਨਾ ਭੁੱਲੀਂ ਕਿ ਅਗਲੇ ਵੀਹ ਪੰਝੀ ਸਾਲ ਹਾਲੀ ਮੇਰੇ ਨਾਵਲਾਂ ਦਾ ਹੀ ਜ਼ਿਕਰ ਹੋਣੈ। 'ਪਿਉ ਪੁੱਤਰ' ਰੂਸੀ ਵਿਚ ਅਨੁਵਾਦ ਹੋ ਚੁੱਕੈ, ਇਸ ਤੋਂ ਪਹਿਲਾਂ ਬੰਗਾਲੀ ਵਿਚ ਹੋਇਆ ਸੀ, ਅੰਗ੍ਰੇਜ਼ੀ ਵਿਚ ਵੀ ਇਸ ਦਾ ਅਨੁਵਾਦ ਕੀਤਾ ਜਾ ਰਿਹੈ। ਮੈਂ ਅਜਕਲ ਇਕ ਨਾਵਲ-ਤ੍ਰਿਕੜੀ (Trilogy) ਲਿਖ ਰਿਹਾ ਹਾਂ।"

"ਕੀ ਨਾਂ ਹੋਏਗਾ ਉਸ ਟ੍ਰਿਲੱਜੀ ਦਾ?"

"ਅੰਬਰਸਰੀਏ—ਪਹਿਲਾ ਨਾਵਲ 'ਪਿਓ ਪੁੱਤਰ' ਦੂਸਰਾ 'ਸਿਲ ਅਲੂਣੀ' ਅਤੇ ਤੀਸਰਾ ਮੈਂ ਲਿਖ ਰਿਹਾ ਹਾਂ।"

"ਕਦੋਂ ਤੀਕ ਲਿਖ ਲਵੋਗੇ ਇਹ ਨਾਵਲ ?"

"ਹਾਲੀ ਵਕਤ ਲੱਗੇ ਗਾ। ਮੈਂ ਤੇਰੇ ਵਾਂਗ ਕਾਹਲੀ ਨਹੀਂ ਕਰਦਾ। ਤੂੰ ਸੌ ਡੇਢ੍ਹ ਸੌ ਸਫ਼ਾ ਲਿਖ ਕੇ ਥੱਕ ਜਾਨੈਂ। ਕੋਈ ਲੰਮਾ ਨਾਵਲ ਲਿਖ, ਮਿਹਨਤ ਕਰ। ਇਸ ਤਰ੍ਹਾਂ ਕੰਮ ਨਹੀਂ ਚਲਣਾ। ਜਦੋਂ ਸੁਆਦ ਆਉਣ ਲਗਦੈ। ਤੇਰਾ ਨਾਵਲ ਖ਼ਤਮ ਹੋ ਜਾਂਦੈ। ਆਪਣਾ ਅਗਲਾ ਨਾਵਲ ਮੈਨੂੰ ਦਿਖਾ ਕੇ ਛਪਵਾਈਂ।"

ਫਿਰ ਇਕ ਦਿਨ ਸਟਾਫ਼ ਰੂਮ ਵਿਚ ਬੈਠਿਆਂ ਉਹ ਕਹਿਣ ਲੱਗਾ—

"ਤਸਨੀਮ—ਇੱਧਰ ਆ।"

ਮੈਂ ਉਹਦੇ ਕੋਲ ਜਾ ਕੇ ਬੈਠ ਗਿਆ।

"ਤੂੰ ਕਿੰਨੇ ਨਾਵਲ ਲਿਖੇ ਨੇ ?"

"ਤਿੰਨ——"

"ਅੱਛਾ—ਅਜਕਲ ਮੈਂ ਆਪਣੀ ਕਿਤਾਬ 'ਪੰਜਾਬੀ ਸਾਹਿਤ ਦਾ ਇਤਿਹਾਸ' ਸੋਧ ਰਿਹਾ ਹਾਂ, ਅਗਲੇ ਐਡੀਸ਼ਨ ਲਈ। ਉਸ ਵਿਚ ਤੇਰੇ ਬਾਰੇ ਵੀ ਇਕ ਫ਼ਿਕਰਾ ਲਿਖ ਦਿਆਂਗਾ।"

"ਬਸ ਇਕੋ—— ?"

"ਸਿਰਫ਼ ਇਕ——"

"ਜ਼ਰਾ ਵੱਡਾ ਫ਼ਿਕਰਾ ਲਿਖਣਾ, ਇਕ ਪੈਰੇ ਦਾ ਕੰਮ ਦੇ ਦੇਵੇ।"

"ਇਹ ਨਹੀਂ ਮੈਂ ਜਾਣਦਾ। ਇਕ ਫ਼ਿਕਰਾ ਜ਼ਰੂਰ ਮੈਂ ਤੈਨੂੰ ਦੇ ਦੇਵਾਂਗਾ, ਇਸ ਤੋਂ ਵੱਧ ਨਹੀਂ !"

ਉਸ ਦੇ ਕਮਰੇ ਵਿਚ ਬੈਠਾ ਮੈਂ ਕੋਈ ਕੰਮ ਕਰ ਰਿਹਾ ਸੀ ਅਤੇ ਉਹ ਵੀ ਆਪਣੇ ਕਿਸੇ ਕੰਮ ਵਿਚ ਰੁੱਝਾ ਹੋਇਆ ਸੀ ਕਿ ਮੇਰੀ ਇਕ ਵਿਦਿਆਰਥਨ, ਜਿਹੜੀ ਉਹਨੀਂ ਦਿਨੀਂ ਜਲੰਧਰ ਐਮ. ਏ. ਕਰ ਰਹੀ ਸੀ। ਅੰਦਰ ਆ ਗਈ। ਉਸ ਨੇ ਮੇਰੇ ਕੋਲੋਂ ਮੇਰਾ ਨਵਾਂ ਨਾਵਲ ਮੰਗਿਆ। ਮੇਰੇ ਕੋਲ ਉਸ ਵੇਲੇ ਕੋਈ ਕਾਪੀ ਨਹੀਂ ਸੀ। ਉਹ ਮਾਯੂਸ ਹੋ ਗਈ। ਨਰੂਲਾ ਸਾਹਿਬ ਵੀ ਸਾਡੀ ਗਲ ਸੁਣ ਰਹੇ ਸਨ, ਕਹਿਣ ਲੱਗੇ—

"ਜਿਹੜੀ ਕਾਪੀ ਤੂੰ ਮੈਨੂੰ ਦਿੱਤੀ ਸੀ ਉਹ ਇਹਨੂੰ ਦੇ ਦੇ। ਮੈਂ ਤਾਂ ਪੜ੍ਹ ਹੀ ਲਿਆ ਏ।"

"ਨਹੀਂ, ਇਹ ਕਿਸ ਤਰ੍ਹਾਂ ਹੋ ਸਕਦੈ। ਉਸ ਉੱਤੇ ਮੈਂ ਤੁਹਾਡਾ ਨਾਂ ਲਿਖਿਆ ਹੋਇਐ। ਆਪਣੀ ਭੇਟਾ ਨੂੰ ਮੈਂ ਵਾਪਸ ਕਿਵੇਂ ਲੈ ਲਵਾਂ ?"

"ਫੇਰ ਕੀ ਹੋਇਆ। ਪਹਿਲਾ ਕਾਗਜ਼ ਪਾੜ ਦੇ। ਮੇਰੇ ਹੁਣ ਉਹ ਕਿਸ ਕੰਮ ਏ। ਮੈਂ ਤਾਂ ਪੜ੍ਹ ਹੀ ਲਿਆ ਏ।"

ਮੇਰੇ ਮਨ੍ਹਾ ਕਰਦਿਆਂ ਕਰਦਿਆਂ ਉਸ ਨੇ 'ਕਸਕ' ਦੀ ਕਾਪੀ ਆਪਣੀ ਅਲਮਾਰੀ ਵਿਚੋਂ ਕੱਢੀ ਅਤੇ ਮੈਨੂੰ ਪਕੜਾ ਦਿੱਤੀ। ਮੈਂ ਨਾ ਚਾਹੁੰਦਿਆਂ ਹੋਇਆਂ ਵੀ ਪਹਿਲਾ ਸਫ਼ਾ ਪਾੜਿਆ ਅਤੇ ਉਹ ਨਾਵਲ ਉਸ ਕੁੜੀ ਨੂੰ ਦੇ ਦਿੱਤਾ। ਇਸ ਘਟਨਾ ਨੂੰ ਕਈ ਦਿਨ ਬੀਤ ਗਏ। ਮੇਰੇ ਕੋਲ ਉਸ ਨਾਵਲ ਦੀਆਂ ਨਵੀਆਂ ਕਾਪੀਆਂ ਆ ਗਈਆਂ ਪਰ ਮੈਂ ਉਸ ਨੂੰ ਨਵੀਂ ਕਾਪੀ ਨਾ ਦਿੱਤੀ। ਮੈਨੂੰ ਇਸ ਗੱਲ ਦਾ ਤਲਖ਼ ਅਹਿਸਾਸ ਸੀ ਕਿ ਉਹ ਮੇਰੇ ਨਾਵਲ ਨੂੰ ਆਪਣੇ ਕੋਲ ਹੀ ਨਹੀਂ ਰਖਣਾ ਚਾਹੁੰਦਾ। ਪਰ ਗਲ ਕੁਝ ਹੋਰ ਹੀ ਨਿਕਲੀ। ਇਕ ਦਿਨ, ਸ਼ਾਇਦ ਗਰਮੀਆਂ ਦੀਆਂ ਛੁੱਟੀਆਂ ਹੋਣ ਤੋਂ ਇਕ ਦਿਨ ਪਹਿਲਾਂ ਉਹ ਮੈਨੂੰ ਕਹਿਣ ਲੱਗਾ—

"ਤੂੰ ਚੰਗਾ ਨਾਵਲਕਾਰ ਏਂ, ਪਹਿਲਾਂ ਨਾਵਲ ਦਿੰਦੈਂ, ਫਿਰ ਵਾਪਸ ਲੈ ਲੈਂਦੈਂ।"

"ਤੁਸੀਂ ਆਪ ਹੀ ਮੋੜ ਦਿੱਤਾ ਸੀ ਉਹ ਨਾਵਲ, ਮੈਂ ਤਾਂ ਨਹੀਂ ਸੀ ਚਾਹੁੰਦਾ।"

"ਚੰਗਾ ਤੇਰੀ ਮਰਜ਼ੀ—ਜੇਕਰ ਮੇਰੇ ਕੋਲ ਰਹਿੰਦਾ ਤਾਂ ਮੈਂ ਕਦੀ ਪੜ੍ਹ ਹੀ ਲੈਣਾ ਸੀ।"

ਮੈਂ ਚੁੱਪ ਕਰ ਗਿਆ, ਫਿਰ ਪਤਾ ਨਹੀਂ ਕਿਉਂ ਮੁਸਕਰਾਹਟ ਮੇਰੇ ਹੋਠਾਂ ਉੱਤੇ ਫੈਲ ਗਈ ਅਤੇ ਮੈਂ ਆਪਣੇ ਬੈਗ ਵਿਚੋਂ ਨਾਵਲ ਦੀ ਇਕ ਕਾਪੀ ਉੱਤੇ ਉਸ ਦਾ ਨਾਂ ਲਿਖ ਕੇ ਉਸ ਨੂੰ ਪੇਸ਼ ਕਰ ਦਿੱਤੀ।

ਸ਼ਾਮ ਨੂੰ ਅਸੀਂ ਇੱਕਠੇ ਹੀ ਸੈਰ ਕਰਦੇ ਸੀ, ਕਾਫ਼ੀ ਲੰਮੀ ਸੈਰ। ਇਕ ਦਿਨ ਉਹ ਕਹਿਣ ਲੱਗਾ— 'ਤੂੰ ਪੰਜਾਬੀ ਦੇ ਕਿਸੇ ਲੇਖਕ ਦਾ ਨਾਂ ਲੈ, ਮੈਂ ਉਸ ਬਾਰੇ ਅੰਗ੍ਰੇਜ਼ੀ ਵਿਚ ਇਕ ਫ਼ਿਕਰਾ ਬਲਕਿ ਇਕ ਟਰਮ ਬੋਲਾਂਗਾ ਜਿਸ ਵਿਚ ਉਸ ਬਾਰੇ ਸਭ ਕੁਝ ਆ ਜਾਏਗਾ।"

ਹਾਸੇ ਹਾਸੇ ਵਿਚ ਮੈਂ ਪ੍ਰਿੰ: ਤੇਜਾ ਸਿੰਘ, ਭਾਈ ਵੀਰ ਸਿੰਘ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਸਫ਼ੀਰ, ਸ਼ਿਵ ਕੁਮਾਰ ਅਤੇ ਹੋਰ ਕਈਆਂ ਦੇ ਨਾਂ ਲੈਣੇ ਸ਼ੁਰੂ ਕਰ ਦਿੱਤੇ। ਨਾਂ ਹਾਲੀ ਮੇਰੇ ਮੂੰਹ ਵਿਚ ਹੀ ਹੁੰਦਾ ਸੀ ਕਿ ਉਹ ਉਸ ਕਵੀ ਜਾਂ ਨਾਵਲਕਾਰ ਜਾਂ ਕਹਾਣੀਕਾਰ ਬਾਰੇ ਅੰਗ੍ਰੇਜ਼ੀ ਵਿਚ ਇਕ ਟਰਮ ਬੋਲ ਦਿੰਦਾ। ਹਸਦਾ, ਹਸਦਾ ਮੈਂ ਗੰਭੀਰ ਹੋ ਗਿਆ। ਮੈਂ ਲਗਾਤਾਰ ਉਸ ਅੱਗੇ ਨਾਂ ਲੈਂਦਾ ਗਿਆ—ਸੰਤ ਸਿੰਘ ਸੇਖੋਂ, ਸੁਰਜੀਤ ਸਿੰਘ ਸੇਠੀ ਹਰਿਭਜਨ ਸਿੰਘ, ਜਸਬੀਰ ਸਿੰਘ ਆਹਲੂਵਾਲੀਆ, ਨੀਸ਼ਾ, ਰਵੀ, ਹਸਰਤ—ਅਤੇ ਉਹ ਢੁਕਵੀਆਂ ਟਰਮਾਂ ਬੋਲਦਾ ਗਿਆ। ਅਖ਼ੀਰ ਨਾਂ ਖ਼ਤਮ ਹੋ ਗਏ ਪਰ ਉਸ ਦੇ ਦਿਮਾਗ ਵਿਚ ਜਿਵੇਂ ਸੈਂਕੜੇ ਲਫ਼ਜ਼ ਘੁੰਮ ਰਹੇ ਸਨ। ਇਜ ਬੋਲਦਾ ਰਿਹਾ ਸੀ ਉਹ ਟਰਮਾਂ ਜਿਵੇਂ ਉਹ ਸੋਚ ਤੋਂ ਨਹੀਂ, ਸਗੋਂ ਅੰਤਰ ਪ੍ਰੇਰਣਾ (Instinct) ਤੋਂ ਕੰਮ ਲੈ ਰਿਹਾ ਹੋਵੇ।

ਮੈਂ ਸੋਚੀਂ ਪੈ ਗਿਆ। ਇਹ ਪ੍ਰਤਿਭਾ ਜੇਕਰ ਪੰਜਾਬੀ ਵਿਚ ਲਿਖਣਾ ਸ਼ੁਰੂ ਨਾ ਕਰਦੀ ਤਾਂ ਅੰਗ੍ਰੇਜ਼ੀ ਵਿਚ ਇਸ ਨੇ ਕਈ ਮਾਅਰਕੇ ਮਾਰਨੇ ਸਨ। ਫਿਰ ਮੈਨੂੰ ਖ਼ਿਆਲ ਆਇਆ ਕਿ ਅੰਗ੍ਰੇਜ਼ੀ ਸਾਹਿਤ (Indian Writings in English) ਦਾ ਨੁਕਸਾਨ ਹੀ ਤਾਂ ਪੰਜਾਬੀ ਸਾਹਿਤ ਦਾ ਫ਼ਾਇਦਾ ਸੀ ਅਤੇ ਇਸ ਫ਼ਾਇਦੇ ਦਾ ਪੂਰਾ ਪੂਰਾ ਅਨੁਮਾਨ ਹਾਲੀ ਲਗਾਇਆ ਜਾਣਾ ਹੈ।

ਕਲਾਸਕ ਸਾਹਿਤ ਸਾਰੰਸ਼ ਲੜੀ—੧

# ਕੋਲੋਕਸ ਵਿਖੇ ਐਡੀਪਸ

ਮੂਲ ਯੂਨਾਨੀ ਲੇਖਕ : ਸੋਫ਼ੋਕਲੀਜ਼

ਸਾਰੰਸ਼ ਅਨੁਵਾਦਕ : ਪ੍ਰੇਮ ਅਵਤਾਰ ਰੈਣਾ

ਸ਼ਾਹ ਐਡੀਪਸ ਨੂੰ ਇਹ ਪਤਾ ਲਗਿਆਂ ਕਾਫ਼ੀ ਵਰ੍ਹੇ ਬੀਤ ਚੁੱਕੇ ਸਨ ਕਿ ਉਸ ਨੇ ਆਪਣੇ ਪਿਤਾ ਨੂੰ ਕਤਲ ਕਰ ਕੇ ਆਪਣੀ ਸਕੀ ਮਾਂ ਨਾਲ ਵਿਆਹ ਕਰਵਾ ਲਿਆ ਸੀ, ਜਿਸ ਤੋਂ ਉਸ ਦੇ ਕਈ ਬੱਚੇ ਵੀ ਹੋ ਗਏ ਸਨ। ਉਸ ਨੇ ਆਪਣੇ ਆਪ ਨੂੰ ਅੰਨ੍ਹਾ ਕਰ ਲਿਆ ਸੀ ਅਤੇ ਥੀਬਸ ਦੀ ਬਾਦਸ਼ਾਹਤ ਤਿਆਗ ਕੇ ਆ ਗਿਆ ਹੋਇਆ ਸੀ ਤੇ ਉਸ ਦੀ ਦੇਖਭਾਲ ਉਸ ਦੀਆਂ ਆਗਿਆਕਾਰ ਧੀਆਂ ਆਂਤੀਗੋਨੀ ਅਤੇ ਇਸਮੀਨੀ ਕਰਦੀਆਂ ਸਨ। ਜਦ ਥੀਬਸ ਵਿਚ ਘਰੇਲੂ ਝਗੜੇ ਸ਼ੁਰੂ ਹੋਏ, ਐਡੀਪਸ ਨੂੰ ਉਹਨਾਂ ਦਾ ਕਾਰਨ ਸਮਝ ਕੇ ਦੇਸ-ਨਿਕਾਲਾ ਦੇ ਦਿਤਾ ਗਿਆ। ਉਸ ਦੇ ਖ਼ਾਨਦਾਨ ਤੇ ਦੇਵਤਿਆਂ ਦੇ ਸਰਾਪ ਨੂੰ ਇਸ ਸਭ ਕਾਸੇ ਦਾ ਕਾਰਨ ਮੰਨਿਆ ਜਾਂਦਾ ਸੀ।

ਐਡੀਪਸ ਤੇ ਆਂਤੀਗੋਨੀ ਕਾਫ਼ੀ ਘੁੰਮ ਫਿਰ ਕੇ ਅਖ਼ੀਰ ਆਥੀਨੇ ਲਾਗੇ ਇਕ ਪਵਿਤ੍ਰ ਸਥਾਨ ਕੋਲੋਨਸ ਦੇ ਜ਼ੈਤੂਨਾਂ ਦੇ ਇਕ ਝੁੰਡ ਕੋਲ ਪੁਜੇ। ਇਹਨਾਂ ਬੇਵਾਕਫ਼ ਲੋਕਾਂ ਨੂੰ ਇਕ ਸਥਾਨਕ ਬੰਦੇ ਨੇ ਦਸਿਆ ਕਿ ਜਿਸ ਰੱਖ ਕੋਲ ਉਹ ਠਹਿਰੇ ਸਨ, ਉਹ 'ਫੀਰੀਉਜ਼' (ਚੁੜੇਲਾਂ) ਦੀ ਛਾਇਆ ਵਾਲੀ ਥਾਂ ਹੈ। ਐਡੀਪਸ, ਜਿਸ ਨੇ ਮਨੁਖੀ ਪੀੜਾਂ ਤੇ ਦੁੱਖਾਂ ਦੀ ਅੱਤ ਡਿਠੀ ਹੋਈ ਸੀ, ਨੇ ਜ਼ਵਾਬ ਦਿਤਾ ਕਿ ਉਹ ਫ਼ੀਉਰੀਜ਼ ਨੂੰ ਭਲੀ ਭਾਂਤ ਜਾਣਦਾ ਸੀ ਇਸ ਦੇ ਨਾਲ ਹੀ ਉਸ ਉਥੇ ਟਿਕਣ ਦਾ ਫ਼ੈਸਲਾ ਕਰ ਲਿਆ। ਇਸ ਤੇ ਉਹ ਕੋਲੋਨਸ-ਨਿਵਾਸ ਔਖਾ ਹੋ ਕੇ ਕਹਿਣ ਲਗਾ ਕਿ ਉਹ ਇਸ ਅਯੋਗ ਕਾਰਵਾਈ ਦੀ ਰਿਪੋਰਟ ਕੋਲਨਸ-ਨਰੇਸ਼, ਆਥੀਨੇ ਦੇ ਸ਼ਾਹ ਥੀਸੀਅਸ ਸਾਹਵੇਂ ਰਖੇਗਾ। ਐਡੀਪਸ ਨੇ ਉੱਤਰ ਦਿਤਾ ਕਿ ਉਹ ਸ਼ਾਹ ਥੀਸੀਅਸ ਨੂੰ ਜੀ ਆਇਆਂ ਕਹੇਗਾ ਤੇ ਉਸ ਨਾਲ ਦੋ ਸ਼ਬਦ ਸਾਂਝੇ ਕਰਨੇ ਪਸੰਦ ਕਰੇਗਾ।

ਕੋਲੋਨਸ ਦੇ ਬਜ਼ੁਰਗ ਚੁੜੇਲਾਂ ਦੀ ਰੱਖ ਵਿਚ ਐਡੀਪਸ ਦੇ ਸ਼ਾਂਤ ਤੇ ਅਡੋਲ ਮਨ ਨਾਲ ਟਿਕ ਜਾਣ ਕਾਰਨ ਬੇ-ਚੈਨ ਹੋ ਗਏ, ਕਿਉਂ ਜੋ ਉਹ ਸਭ ਤਾਂ ਉਸ ਰੱਖ ਤੋਂ ਭੈ ਖਾਂਦੇ ਸਨ। ਉਨ੍ਹਾਂ ਨੇ ਕਾਫ਼ੀ ਦੂਰ ਤੋਂ ਹੀ ਉਸ ਅੰਨ੍ਹੇ ਅਜਨਬੀ (ਐਡੀਪਸ) ਨੂੰ ਆਪਣੀ ਜਾਣ-ਪਛਾਣ ਕਰਵਾਉਣ ਲਈ ਕਿਹਾ, ਅਤੇ ਇਹ ਪਤਾ ਲਗਣ ਤੇ ਕਿ ਉਹ ਥੀਬਸ ਦਾ ਬਦਨਾਮ ਬਾਦਸ਼ਾਹ ਸੀ, ਭੈ-ਭੀਤ ਹੋਏ। ਉਸ ਦੀ ਕਹਾਣੀ ਸਾਰੇ ਸਭਿਅ ਸੰਸਾਰ ਨੇ ਸੁਣੀ ਹੋਈ ਸੀ। ਦੇਵਤਿਆਂ ਦੇ ਭਿਆਨਕ ਕ੍ਰੋਧ ਤੋਂ ਡਰਦੇ ਹੋਏ ਉਨ੍ਹਾਂ ਨੇ ਉਸ ਨੂੰ ਆਪਣੀਆਂ ਧੀਆਂ ਸਮੇਤ ਉਥੋਂ ਟੁਰ ਜਾਣ ਲਈ ਕਿਹਾ। ਐਡੀਪਸ ਦੇ ਇਹ ਦਸਣ ਤੇ ਕਿ ਉਸ ਨੇ ਕਦੀ

ਵੀ ਜਾਣ-ਬੁੱਝ ਕੇ ਦੇਵ੍ਤਿਆਂ ਵਿਰੁਧ ਕੋਈ ਗਲ ਨਹੀਂ ਕੀਤੀ, ਪਰ ਫੇਰ ਵੀ ਉਸ ਨੇ ਅਤਿ ਦੇ ਦੁੱਖ ਉਠਾਏ ਹਨ; ਇਸ ਜਵਾਬ ਤੇ ਉਹ ਸਭ ਚੁੱਪ ਹੋ ਗਏ। ਇਸ ਦੇ ਨਾਲ ਹੀ ਐਡੀਪਸ ਨੇ ਇਸ ਰਹੱਸਮਈ ਗਲ ਵਲ ਇਸ਼ਾਰਾ ਵੀ ਕੀਤਾ ਕਿ ਉਸ ਕੋਲ ਉਸ ਦੇਸ ਲਈ ਸ਼ੁਭ-ਕਿਸਮਤ ਲਿਆਉਣ ਦੀ ਵਿਚਿਤ੍ਰ ਸ਼ਕਤੀ ਸੀ, ਜੋ ਉਸ ਨੂੰ ਆਸਰਾ ਦੇਵੇਗੀ।

ਸਾਰੇ ਯੂਨਾਨ ਵਿਚ ਆਪਣੇ ਪਿਤਾ ਤੇ ਭੈਣ ਨੂੰ ਭਾਲਦੀ ਹੋਈ ਐਡੀਪਸ ਦੀ ਦੂਜੀ ਸਪੁੱਤਰੀ ਇਸਮੀਨੀ ਕੌਲੋਨਸ ਦੀ ਉਸ ਜੂਹ ਵਿਚ ਪੁੱਜੀ। ਉਸ ਆ ਕੇ ਐਡੀਪਸ ਨੂੰ ਇਹ ਮਨਹੂਸ ਖ਼ਬਰ ਸੁਣਾਈ ਕਿ ਐਡੀਪਸ ਦੇ ਦੋਵੇਂ ਪੁਤਰ ਪੌਲੀਨਿਸੀਜ਼ ਅਤੇ ਏਤੀਓਕਲੀਜ਼, ਥੀਬਸ ਵਿਚ ਪ੍ਰਧਾਨਤਾ ਹਾਸਲ ਕਰਨ ਲਈ ਆਪਸ ਵਿਚ ਲੜ ਪਏ ਸਨ। ਪੌਲੀਨਿਸੀਜ਼ ਹਾਰਨ ਪਿਛੋਂ ਦੇਸੋਂ ਨਿਕਲ ਕੇ ਆਰਗੌਸ ਵਿਖੇ ਚਲਾ ਗਿਆ ਹੋਇਆ ਸੀ ਤੇ ਉਥੇ ਥੀਬਸ ਤੇ ਮੁੜ ਰਾਜ ਸਥਾਪਤ ਕਰਨ ਦੀ ਲਾਲਸਾ ਨਾਲ ਫ਼ੌਜ ਇਕੱਠੀ ਕਰ ਰਿਹਾ ਸੀ। ਇਸਮੀਨੀ ਨੇ ਆਪਣੇ ਪਿਤਾ ਨੂੰ ਇਹ ਸੂਚਨਾ ਵੀ ਦਿਤੀ ਕਿ 'ਡੈਲਫ਼ੀ ਦੀ ਔਰੇਕਲ (ਡੈਲਫ਼ੀ ਤੋਂ ਹੋਣ ਵਾਲੀ ਦੈਵੀ ਭਵਿਖ-ਬਾਣੀ) ਅਨੁਸਾਰ ਜੇ ਐਡੀਪਸ ਨੂੰ ਥੀਬਸ ਤੋਂ ਬਿਨਾਂ ਕਿਧਰੇ ਦਫ਼ਨ ਕੀਤਾ ਗਿਆ ਤਦ ਉਸ ਨਗਰ ਉਪਰ ਮਹਾਨ ਦੁੱਖਾਂ ਦੇ ਬੱਦਲ ਆ ਮੰਡਲਾਉਣਗੇ। ਆਪਣੇ ਦੇਸ-ਨਿਕਾਲੇ ਦੀ ਸਚਾਈ ਨੂੰ ਸਾਹਵੇਂ ਰਖ ਕੇ ਅਤੇ ਆਪਣੇ ਪੁਤਰਾਂ ਦੀ ਬੇਵਫ਼ਾਈ ਨੂੰ ਦ੍ਰਿਸ਼ਟੀ-ਗੋਚਰ ਕਰਦੇ ਹੋਏ ਐਡੀਪਸ ਨੇ ਇਸਮੀਨੀ ਨੂੰ ਆਪਣਾ ਫ਼ੈਸਲਾ ਦਸਿਆ ਕਿ ਉਹ ਕੌਲੋਨਸ ਵਿਖੇ ਹੀ ਰਹੇਗਾ ਅਤੇ ਐਤੀਕਾ ਦੀ ਧਰਤੀ ਹੀ ਉਸ ਦਾ ਅੰਤਮ ਨਿਵਾਸ-ਸਥਾਨ ਹੋਏਗੀ।

ਥੀਸੀਅਸ ਨੂੰ ਜਦ ਐਡੀਪਸ ਦੀ ਆਮਦ ਦਾ ਪਤਾ ਲਗਾ, ਤਦ ਉਹ ਕੌਲੋਨਸ ਪੁਜ ਕੇ ਉਸ ਵਿਚਾਰੇ ਤਰਸ-ਯੋਗ ਬੁਢੇ ਤੇ ਉਸ ਦੀਆਂ ਧੀਆਂ ਦਾ ਸਵਾਗਤ ਕੀਤਾ। ਐਡੀਪਸ ਨੇ ਆਪਣੇ ਸਰੀਰ ਨੂੰ ਐਤੀਕਾ ਤੇ ਕੌਲੋਨਸ ਨੂੰ ਸਮੱਰਪਤ ਕਰਦੇ ਹੋਏ ਭਵਿਖ-ਬਾਣੀ ਕੀਤੀ ਕਿ ਜੇਕਰ ਉਸ ਥਾਂ ਦਫ਼ਨ ਕੀਤਾ ਗਿਆ ਤਦ ਉਥੇ ਖੁਸ਼ਹਾਲੀ ਦਾ ਦੌਰ-ਦੌਰਾ ਹੋਏਗਾ। ਥੀਸੀਅਸ ਦਾ ਵਤੀਰਾ, ਜਿਸ ਨੇ ਜਲਾਵਤਨੀ ਦਾ ਸਵਾਦ ਚਖਿਆ ਹੋਇਆ ਸੀ, ਐਡੀਪਸ ਪ੍ਰਤਿ ਹਮਦਰਦੀ ਭਰਿਆ ਸੀ। ਉਸ ਨੇ ਉਸ ਦੀ ਸੁਰਖਿਆ ਦਾ ਵਚਨ ਦਿਤਾ ਅਤੇ ਏਦਾਂ ਉਸ ਡੋਲੇ ਹੋਏ ਨੂੰ ਸਹਾਰਾ ਦਿਤਾ ਕਿ ਉਸ ਨੂੰ ਕਿਸੇ ਥੀਬ-ਨਿਵਾਸੀ ਦੁਆਰਾ ਚੁਕੇ ਜਾਣ ਦਾ ਭੈ ਨਹੀਂ ਹੋਣਾ ਚਾਹੀਦਾ।

ਥੀਸੀਅਸ ਦੇ ਆਥੀਨਾ ਮੁੜ ਜਾਣ ਪਿਛੋਂ, ਥੀਬਸ ਦਾ ਪੁਰਾਣਾ ਰੀਜੈਂਟ (ਸਰਬਰਾਹ) ਕਰੀਓਨ ਆਪਣੇ ਸਾਥੀਆਂ ਸੰਗ ਉਸ ਰੱਖ ਵਿਚ ਆਇਆ। ਉਸ ਨੇ ਚਾਪਲੂਸੀ ਭਰੇ ਲਹਿਜੇ ਵਿਚ ਐਡੀਪਸ ਨੂੰ ਥੀਬਸ ਵਾਪਸ ਜਾਣ ਦੀ ਪ੍ਰੇਰਨਾ ਦਿਤੀ, ਪਰ ਐਡੀਪਸ ਨੇ, ਜੋ ਉਸ ਦੇ ਮਕਸਦ ਨੂੰ ਸਮਝਦਾ ਸੀ, ਉਸ ਦੇ ਦੁਬਾਜਰੇ ਰੋਲ ਕਾਰਨ ਉਸ ਨੇ ਝਾੜਿਆ। ਐਡੀਪਸ ਨੇ ਥੀਬਸ ਨੂੰ ਬੁਰਾ ਭਲਾ ਆਖਿਆ, ਕਿਉਂ ਜੋ ਉਸ ਦੇਸ ਨੇ ਉਸ ਦੇ ਔਖੇ ਦਿਨਾਂ ਸਮੇਂ ਉਸ ਤੋਂ ਮੂੰਹ ਫੇਰ ਲਿਆ ਸੀ। ਕਰੀਓਨ ਦੇ ਆਦਮੀ, ਉਸ ਦੇ ਹੁਕਮ ਤੇ ਆਂਤੀਗੋਨੀ ਤੇ ਇਸਮੀਨੀ ਨੂੰ ਘੇਰ ਕੇ ਲੈ ਤੁਰੇ। ਅੰਨ੍ਹਾ ਐਡੀਪਸ ਤੇ ਕੌਲੋਨਸ ਦੇ ਬਜ਼ੁਰਗ ਨਿਤਾਣੇ ਸਨ, ਇਸ ਲਈ ਉਹ ਉਨ੍ਹਾਂ ਨੂੰ ਜ਼ਾਲਮਾਂ ਦੇ ਪੰਜੇ 'ਚੋਂ ਛਡਾਉਣ ਵਿਚ ਅਸਮਰੱਥ ਰਹੇ। ਕਰੀਓਨ ਨੇ ਐਡੀਪਸ ਨੂੰ ਵੀ ਕਾਬੂ ਕਰਨ ਦਾ ਯਤਨ ਕੀਤਾ, ਪਰ ਗਲ ਫ਼ੈਲ ਚੁਕੀ ਸੀ, ਤੇ ਇਸ ਦੇ ਸਿੱਟੇ ਵਜੋਂ ਥੀਸੀਅਸ, ਕਰੀਓਨ ਦਾ ਸਾਹਮਣਾ ਕਰਨ ਤੇ ਆਂਤੀਗੋਨੀ ਅਤੇ ਇਸਮੀਨੀ ਦੀ ਰਿਹਾਈ ਦਾ ਹੁਕਮ ਦੇਣ ਲਈ, ਵਾਪਸ ਪਰਤ ਆਇਆ। ਜਦ ਕਰੀਓਨ ਨੂੰ ਆਪਣੇ ਕੀਤੇ ਦੀ ਸਫ਼ਾਈ ਪੇਸ਼ ਕਰਨ ਲਈ ਕਿਹਾ ਗਿਆ, ਤਦ ਉਸ ਨੇ ਦਲੀਲ ਪੇਸ਼ ਕੀਤੀ ਕਿ ਉਸ ਇਹ ਕੰਮ ਇਸ ਲਈ ਕੀਤਾ ਸੀ ਕਿ ਉਹ ਕੈਡਮਸ ਦੀ ਸੰਤਾਨ ਨੂੰ ਸਹਾਰਾ ਪ੍ਰਦਾਨ ਕਰਨ ਵਾਲੀ ਧਰਤੀ ਤੇ ਲੋਕਾਂ ਤੇ ਉਸ ਆਸਰਾ ਦੇਣ ਦੇ ਕਰਮ ਕਾਰਨ ਨਾਜ਼ਲ ਹੋਣ ਵਾਲੀ ਤਬਾਹੀ ਤੋਂ ਐਤੀਕਾ ਨੂੰ ਬਚਾਉਣਾ ਚਾਹੁੰਦਾ ਸੀ; ਏਦਾਂ ਉਸ ਆਪਣੇ ਆਪ ਨੂੰ ਐਤੀਕਾਂ ਦਾ ਵਫ਼ਾਦਾਰ ਸਾਬਤ ਕਰਨ ਦਾ ਯਤਨ ਕੀਤਾ। ਪਰ ਕਰੀਓਨ ਨੂੰ ਕਾਬੂ ਕਰ ਕੇ ਥੀਸੀਅਸ ਨੇ ਐਡੀਪਸ ਤੇ ਉਸ ਦੀਆਂ ਦੋਹਾਂ ਧੀਆਂ ਨੂੰ ਬਚਾ ਲਿਆ।

ਇਨੇ ਵਿਚ ਐਡੀਪਸ ਦਾ ਵੱਡਾ ਪੁਤਰ ਪੌਲੀਨਿਸੀਜ਼ ਉਸ ਨੂੰ ਲਭਦਾ ਲਭਦਾ ਓਥੇ ਆਣ ਪੁਜਾ । 'ਡੈਲਫ਼ੀ ਦੀ ਔਰੇਕਲ' ਦੀ ਭਵਿਖ-ਬਾਣੀ ਦੇ ਪੂਰਾ ਹੋਣ ਦੀ ਆਸ ਤੇ, ਆਪਣੇ ਸਵਾਰਥੀ ਮੰਤਵਾਂ ਨਾਲ ਉਹ ਓਥੇ ਪੁੱਜਾ ਸੀ । ਇਸ ਚੇਤੂਨਾਂ ਦੇ ਝੁੰਡ ਵਿਚ ਉਸ ਨੇ ਪਛਤਾਵੇ ਅਤੇ ਸ਼ਰਧਾ ਪਰਭੂਰ ਸ਼ਬਦਾਂ ਵਿਚ ਐਡੀਪਸ ਨੂੰ ਆਪਣੇ ਨਾਲ ਆਰਗੋਸ ਚਲਣ ਦੀ ਬੇਨਤੀ ਕੀਤੀ । ਐਡੀਪਸ ਨੇ ਇਹ ਸਮਝਦੇ ਹੋਏ ਕਿ ਉਹ ਥੀਬਸ ਤੇ ਹਕੂਮਤ ਕਰ ਰਹੇ ਆਪਣੇ ਭਰਾ ਏਡੀਓਕਲੀਜ਼ ਵਿਰੁਧ ਆਪਣੀ ਮੁਹਿੰਮ ਸਮੇਂ ਉਸ ਦੇ ਨਾਂ ਨੂੰ ਵਰਤਣਾ ਚਾਹੁੰਦਾ ਹੈ, ਉਸ ਦੀ ਕਿਸੇ ਗਲ ਦਾ ਜਵਾਬ ਨਾ ਦਿਤਾ ਅਤੇ ਚੁਪਚਾਪ ਉਸ ਦੀਆਂ ਗਲਾਂ ਸੁਣਦਾ ਰਿਹਾ । ਪਰ ਇਸ ਪਿਛੋਂ ਉਸ ਨੇ ਆਪਣੇ ਦੋਹਾਂ ਪੁਤਰਾਂ ਨੂੰ ਗੱਦਾਰ ਗਰਦਾਨਿਆ ਅਤੇ ਉਨ੍ਹਾਂ ਦੇ ਕਰਤਵਾਂ ਦੀ ਨਿਖੇਧੀ ਕੀਤੀ । ਇਸ ਨਾਲ ਹੀ ਉਸ ਨੇ ਜ਼ੋਰਦਾਰ ਸ਼ਬਦਾਂ ਵਿਚ ਇਹ ਭਵਿਖ ਬਾਣੀ ਵੀ ਕੀਤੀ ਕਿ ਦੋਵੇਂ ਭਰਾ, ਪੌਲੀਨਿਸੀਜ਼ ਅਤੇ ਏਤੀਓਕਲੀਜ਼ ਲੜ ਮਰਨਗੇ । ਪੌਲੀਨਿਸੀਜ਼ ਆਪਣੇ ਪਿਤਾ ਦੇ ਸ਼ਬਦਾਂ ਤੋਂ ਪ੍ਰਭਾਵਿਤ ਤਾਂ ਹੋਇਆ, ਪਰ ਸਵਾਰਥ ਅਤੇ ਘੁਮੰਡ ਦੇ ਵਸ ਹੋ ਉਸ ਨੇ ਆਪਣੇ ਨਗਰ ਨੂੰ ਤਬਾਹੀ ਤੋਂ ਬਚਾਈ ਰਖਣ ਵਾਸਤੇ ਆਂਤੀਗੋਨੀ ਦੁਆਰਾ ਦਿਤੀਆਂ ਦਲੀਲਾਂ ਵਲ ਕੰਨ ਨਾ ਧਰਿਆ ।

ਬੁਢੇ ਐਡੀਪਸ ਦੀ ਨੇੜੇ ਆਈ ਮੌਤ ਨੂੰ ਦਰਸਾਉਂਦੀ ਬਿਜਲੀ ਦੀ ਕੜਕ ਤਿੰਨ ਵਾਰ ਸੁਣਾਈ ਦਿਤੀ । ਐਡੀਪਸ ਨੇ ਉਤਾਵਲੇ ਹੋ, ਪਰ ਗੰਭੀਰਤਾ ਤੇ ਸ਼ਾਂਤ-ਚਿਤ ਨਾਲ ਥੀਸੀਅਸ ਨੂੰ ਬੁਲਾਇਆ । ਅਤੇ ਆਪਣੀਆਂ ਧੀਆਂ ਤੇ ਬਾਦਸ਼ਾਹ ਨੂੰ ਨੇੜੇ ਦੀ ਇਕ ਗੁਫ਼ਾ ਵਿਚ ਲਿਜਾ ਕੇ, ਉਸ ਦਸਿਆ ਕਿ ਜਦ ਤਕ ਉਸ ਦੇ ਦਫ਼ਨਾਏ ਜਾਣ ਵਾਲੀ ਥਾਂ ਦੇ ਭੇਤ ਬਾਰੇ ਸਿਰਫ਼ ਥੀਸੀਅਸ ਤੇ ਉਸ ਦੇ ਮਰਦ ਵਾਰਸਾਂ ਨੂੰ ਹੀ ਪਤਾ ਹੋਵੇਗਾ, ਐਤੀਕਾ ਹਰੇਕ ਹਮਲੇ ਦਾ ਸਫ਼ਲਤਾ-ਪੂਰਵਕ ਮੁਕਬਲਾ ਕਰ ਸਕੇਗਾ । ਇਸ ਪਿਛੋਂ ਥੀਸੀਅਸ ਨੂੰ ਆਂਤੀਗੋਨੀ ਤੇ ਇਸਮੀਨੀ ਦੀ ਦੇਖ-ਭਾਲ ਸੌਂਪ ਕੇ ਉਸਨੇ ਆਪਣੀਆਂ ਧੀਆਂ ਨੂੰ ਓਥੇ ਹੀ ਰੁਕ ਜਾਣ ਲਈ ਕਿਹਾ । ਇਸ ਪਿਛੋਂ ਜਦ ਐਡੀਪਸ ਚਾਨਚਕ ਹੀ ਅਲੋਪ ਹੋ ਗਿਆ, ਸਿਰਫ਼ ਥੀਸੀਅਸ ਹੀ ਉਸ ਨਾਲ ਸੀ । ਆਂਤੀਗੋਨੀ ਤੇ ਇਸਮੀਨੀ ਨੇ ਆਪਣੇ ਪਿਤਾ ਦੀ ਸਮਾਧ ਤੇ ਜਾਣ ਦਾ ਜਤਨ ਕੀਤਾ, ਪਰ ਥੀਸੀਅਸ ਨੇ ਆਪਣ ਵਚਨਾਂ ਤੇ ਪੱਕੇ ਰਹਿੰਦੇ ਹੋਏ ਉਹਨਾਂ ਨੂੰ ਇਸ ਗਲੋਂ ਰੋਕ ਦਿਤਾ । ਇਸ ਦੇ ਨਾਲ ਹੀ ਉਸ ਨੇ ਉਹਨਾਂ ਦੀ ਥੀਬਸ ਜਾਣ ਦੀ ਇੱਛਾ ਦੀ ਪੂਰਤਾ ਕੀਤੀ ਤਾਂ ਜੋ ਸ਼ਾਇਦ ਉਹ ਪੌਲੀਨਿਸੀਜ਼ ਅਤੇ ਏਤੀਓਕਲੀਜ਼ ਦੁਆਰਾ, ਉਹਨਾਂ ਦੇ ਆਪਣੇ ਨਗਰ ਵਿਚ, ਲਿਆਂਦੀ ਜਾ ਰਹੀ ਭਿਆਨਕ ਤਬਾਹੀ ਤੇ ਖ਼ੂਨ-ਖ਼ਰਾਬੇ ਨੂੰ ਰੋਕ ਸਕਣ ।

✪

## *ਇਹੋ ਹਮਾਰਾ ਜੀਵਣਾ*/ਗੁਰਸ਼ਰਨ ਸਿੰਘ

੧

ਇਕ ਨੌਜਵਾਨ ਸੀ । ਬੀ. ਐਡ ਕੀਤਿਆਂ ਉਸਨੂੰ ਸਾਲ ਤੋਂ ਵੱਧ ਹੋ ਗਿਆ ਸੀ ਪਰ ਕਿਧਰੇ ਸਾਧਾਰਨ ਨੌਕਰੀ ਵੀ ਨਹੀਂ ਲੱਭ ਸਕਿਆ ਸੀ । ਮਾਂ ਦੀਆਂ ਆਸਾਂ ਪੁੱਤਰ ਦੀ ਨੌਕਰੀ ਤੇ ਸਨ । ਮੁਟਿਆਰ ਭੈਣ ਦਾ ਭਵਿਖ ਵੀਰ ਦੀ ਨੌਕਰੀ ਤੇ ਸੀ । ਵਿਧਵਾ ਮਾਂ ਦਾ ਸਭ ਕੁਝ ਪੁੱਤਰ ਦੀ ਪੜ੍ਹਾਈ ਤੇ ਲਗ ਗਿਆ ਸੀ ।

ਕਈ ਥਾਵਾਂ ਤੇ ਅਰਜ਼ੀਆਂ ਭੇਜੀਆਂ, ਕਿਧਰੋਂ ਇੰਟਰਵੀਊ ਲਈ ਪਤ੍ਰ ਆ ਜਾਂਦਾ, ਕਿਧਰੋਂ ਉਹ ਵੀ ਨਾ ਆਂਦਾ ਪਰ ਨੌਕਰੀ ਨਹੀਂ ਮਿਲ ਰਹੀ ਸੀ । ਹੁਣ ਫੇਰ ਇੰਟਰਵੀਊ ਲਈ ਪਤ੍ਰ ਮਿਲਿਆ ਹੈ । ਕਲ ਇੰਟਰਵੀਊ ਹੈ, ਮਾਂ ਨੇ ਅਜ ਵਰਤ ਰਖਿਆ ਹੈ । ਸੁਖਣਾ ਸੁੱਖੀ ਹੈ । ਭੈਣ... ਉਹਨੇ ਵੀਰ ਦੇ ਕਿਸੇ ਦੋਸਤ ਨੂੰ ਵੀਰ ਨਾਲ ਗਲਾਂ ਕਰਦਿਆਂ ਸੁਣਿਆ ਹੈ ।

"ਵਿਦਿਆ ਅਫਸਰ, ਜਿਸਨੇ ਇੰਟਰਵੀਊ ਲੈਣੀ ਹੈ, ਉਹ ਔਰਤਾਂ ਦੇ ਮਾਮਲੇ ਵਿਚ ਬਹੁਤ ਕਮਜ਼ੋਰ ਏ, ...ਜਿਹੜਾ ਕੋਈ ਉਹਦਾ ਇਹੋ ਜਿਹਾ ਇੰਤਜ਼ਾਮ ਕਰ ਦੇਵੇ... ਉਹਦੀ ਨੌਕਰੀ ਵੱਟ ਤੇ ਹੈ "

ਮਾਂ ਨੇ ਸਾਧਨਾ ਲਈ ਵਰਤ ਰਖਿਆ ਹੈ । ਭੈਣ ਨੇ ਵੀ ਕੋਈ ਇਰਦਾ ਬਣਾਇਆ ਹੈ......ਉਹ ਸੰਘਣੇ ਹਨੇਰੇ ਵਿਚ ਵਿਦਯਾ ਅਫ਼ਸਰ ਦੀ ਕੋਠੀ ਅੰਦਰ ਜਾਂਦੀ ਹੈ...ਕੁਝ ਦੇਰ ਬਾਅਦ ਕੋਠੀ ਤੋਂ ਬਾਹਰ ਆਂਦੀ ਹੈ । ...ਤੇ ਨੌਜਵਾਨ ਨੂੰ ਨੌਕਰੀ ਮਿਲ ਗਈ ਹੈ । ਮਾਂ ਖ਼ੁਸ਼ ਹੈ, ਉਪਰ ਵਾਲ ਨੇ ਉਹਦੀ ਸਾਧਨਾ ਦੀ ਲਾਜ ਰੱਖ ਲਈ

ਹੈ। ਉਹ ਗਵਾਂਢ ਪ੍ਰਸ਼ਾਦ ਵੰਡ ਰਹੀ ਹੈ।

ਉਪਰ ਵਾਲੇ ਨੇ ਮਾਂ ਦੀ ਲਾਜ ਰੱਖ ਲਈ ਹੈ।

ਥੱਲੇ ਵਾਲਿਆਂ ਨੇ ਧੀ ਦੀ ਲਾਜ......

੨

ਦੇਸ਼ ਵਿਚ 'ਜਨ-ਸੰਖਿਆ' ਦਾ ਕੰਮ ਅਰੰਭ ਕੀਤਾ ਗਿਆ ਹੈ। ਇਸ ਵਡੇ ਕੰਮ ਦਾ ਮੰਤਵ ਹੈ ਕਿ ਪੂਰੇ ਅੰਕੜੇ ਜਮ੍ਹਾਂ ਕੀਤੇ ਜਾਣ ਤਾਂ ਜੋ ਦੇਸ਼ ਦੀ ਉਨਤੀ ਬਾਰੇ ਜਦੋਂ ਕੋਈ ਪਲੈਨ ਬਣਾਈ ਜਾਏ ਤਾਂ ਉਹਨਾਂ ਅੰਕੜਿਆਂ ਦਾ ਸਹਾਰਾ ਲਿਆ ਜਾਏ, ਇਸ ਵਿਚ ਇਕ ਪੁੱਛ 'ਮਾਂ ਬੋਲੀ' ਦੀ ਵੀ ਹੁੰਦੀ ਹੈ। ਇਸ ਪੁੱਛ ਤੇ ਦਸ ਸਾਲ ਪਹਿਲਾਂ, ਵੀਹ ਸਾਲ ਪਹਿਲਾਂ ਤੀਹ ਪਹਿਲਾਂ... ਬਸ ਝਗੜੇ ਨੇ ਹੀ ਜਨਮ ਲਿਆ ਹੈ। 'ਧਰਮ' ਦਾ ਪੱਖ ਪੂਰਾ ਕਰਨਾ ਇਸ ਦੇਸ਼ ਦੇ ਲੋਕਾਂ ਦਾ ਪਹਿਲਾ ਫਰਜ਼ ਹੈ (ਦੂਜਾ ਫਰਜ਼ ?) ਧਰਮ ਜਦੋਂ ਸੰਸਥਾ ਦਾ ਰੂਪ ਧਾਰਦਾ ਹੈ ਉਹਦੇ ਨਾਂ ਤੇ ਕੋਈ ਚੰਗਾ ਕੰਮ ਹੁੰਦਾ ਨੇੜੇ ਦੇ ਇਤਿਹਾਸ ਵਿਚ ਅਸੀਂ ਨਹੀਂ ਸੁਣਿਆ। ਹਾਂ ਹਰ ਕਾਲੇ ਤੇ ਸ਼ਰਮਸਾਰ ਕੰਮ ਨਾਲ ਇਹਦਾ ਸੰਬਧ ਜ਼ਰੂਰ ਜੁੜਿਆ ਹੁੰਦਾ ਹੈ। ਫੇਰ ਪਤਾ ਨਹੀਂ ਇਹ ਧਾਰਮਕ ਸੰਸਥਾਵਾਂ ਦੇ ਮਰੇ ਹੋਏ ਸੱਪ ਲੋਕਾਂ ਨੇ ਕਿਉਂ ਆਪਣੇ ਗਲੇ ਵਿਚ ਪਾਏ ਹੋਏ ਹਨ, ਫਰਵਰੀ 1971 ਵਿਚ 'ਮਾਂ' ਦੀ ਪੱਤ ਲੁਟਣ ਲਈ ਉਹਦੇ ਪੁੱਤਰ ਪੂਰੀ ਤਿਆਰੀ ਕਰ ਰਹੇ ਹਨ। ਮਾਲਸ਼ਾਂ ਕਰ ਰਹੇ ਹਨ, ਡੰਡ ਪੇਲ ਰਹੇ ਹਨ, ਹਮੇਸ਼ਾ ਵਾਂਗ ਅਖਾੜੇ ਧਰਮ-ਅਸਥਾਨ ਹੀ ਹਨ......

ਸ੍ਰੀ ਰਾਮਚੰਦਰ ਜ਼ਿੰਦਾਬਾਦ, ਗੁਰੂ ਗੋਬਿੰਦ ਸਿੰਘ ਜ਼ਿੰਦਾਬਾਦ, ਸਵਾਮੀ ਦਿਆਨੰਦ ਜ਼ਿੰਦਾਬਾਦ......... ਕੌਣ ਕਹਿੰਦਾ ਹੈ ਸ਼ਬਦਾਂ ਦੇ ਅਰਥ ਨਹੀਂ ਬਦਲਦੇ।

੩

ਇਹ ਇਕ ਕਲਾ ਪ੍ਰਸ਼ੰਸਕ ਔਰਤ ਦੀ ਡਾਇਰੀ 'ਚੋਂ ਹੈ।

'ਉਹ ਇਕ ਕਲਾਕਾਰ ਸੀ। ਮੇਰੇ ਪਤੀ ਦਾ ਦੋਸਤ ਸੀ। ਮੈਂ ਉਹਦੀ ਕਲਾ ਦੀ ਪ੍ਰਸ਼ੰਸਕ ਸਾਂ, ਉਹਨੇ ਜਦੋਂ ਘਰ ਆਉਣਾ ਕਿਸੇ ਸਫਰ ਤੋਂ ਹੀ ਵਾਪਸ ਆਇਆ ਹੋਣਾ। ਗੰਦੀਆਂ ਜਰਾਬਾਂ, ਬੁਨੈਨਾਂ ਤੇ ਹੋਰ ਕਪੜੇ ਮੈਂ ਧੋ ਦੇਣੇ, ਵਡਾ ਕਲਾਕਾਰ ਸੀ, ਪਰ ਘਰ ਵਾਲੇ ਉਹਦੀ ਕਲਾ ਦੀ ਕੋਈ ਕੀਮਤ ਨਹੀਂ ਸਨ ਪਾਂਦੇ, ਮੈਂ ਤੇ ਮੇਰਾ ਪਤੀ ਉਹਦੀ ਕਲਾ ਦੀ ਕਦਰ ਕਰਦੇ, ਇਸ ਲਈ ਇਹ ਘਰ ਉਹਦਾ ਆਪਣਾ ਹੀ ਘਰ ਸੀ। ਮੈਨੂੰ ਹੁਣ ਯਾਦ ਆ ਰਿਹਾ ਹੈ ਕਿ ਉਹ ਬਹੁਤਾ ਉਸੇ ਵੇਲੇ ਹੀ ਘਰ ਆਂਦਾ ਜਦੋਂ ਮੇਰਾ ਪਤੀ ਘਰ ਨਾ ਹੁੰਦਾ ......ਅਜ ਬੜੀ ਜਲਦੀ ਕੰਮ ਤੇ ਚਲਾ ਗਿਆ ਏ, ਮੈਨੂੰ ਤਾਂ ਉਹਦੇ ਨਾਲ ਜ਼ਰੂਰੀ ਕੰਮ ਸੀ''

ਤੇ ਉਹ ਜ਼ਰੂਰੀ ਕੰਮ ਲਈ ਸਾਰਾ ਦਿਨ ਘਰ ਹੀ ਰਹਿੰਦਾ, ਪਰ ਮੇਰੇ ਪਤੀ ਦੇ ਆਉਣ ਦੇ ਸਮੇਂ ਤੋਂ ਕੁਝ ਚਿਰ ਪਹਿਲੇ ਹੀ ਆਖਦਾ...ਨੇ ਅਜ ਬੜੀ ਦੇਰ ਲਾ ਦਿਤੀ ਹੈ, ਮੈਂ ਤਾਂ ਕਿਧਰੇ ਜ਼ਰੂਰੀ ਜਾਣਾ ਹੈ'' ਤੇ ਉਹ ਚਲਾ ਜਾਂਦਾ।

ਸਾਰਾ ਦਿਨ ਉਹ ਊਲ ਜਲੂਲ ਹਰਕਤਾਂ ਕਰਦਾ ਮੈਂ ਉਹਦੀ ਕਲਾ ਦੀ ਉਪਾਸ਼ਕ ਸਾਂ। ਇਸ ਲਈ ਉਹਦੀ ਹਰ ਹਰਕਤ ਨੂੰ ਕਲਾ ਪ੍ਰਤਿਭਾ ਦਾ ਇਕ ਅੰਗ ਸਮਝਦੀ। ਇਕ ਦਿਨ ਉਹਨੇ ਉਹ ਹਰਕਤ ਕੀਤੀ ਜੋ ਉਸਨੂੰ ਨਹੀਂ ਕਰਨੀ ਚਾਹੀਦੀ ਸੀ...

ਹੁਣ ਜਦੋਂ ਵੀ ਮੈਂ ਕਿਸੇ ਨੂੰ ਵਾਲ ਵਧਾਏ, ਦਾੜ੍ਹੀ ਰਖੀ ਹੋਈ ਨੀਮ ਪਾਗਲਾਂ ਵਾਲੀਆਂ ਹਰਕਤਾਂ ਕਰਦਿਆਂ ਵੇਖਦੀ ਹਾਂ, ਤੇ ਨਾਲ ਇਹ ਵੀ ਸੁਣਦੀ ਹਾਂ ਕਿ ਉਹ ਇਕ ਕਲਾਕਾਰ ਹੈ ਤਾਂ ਮੇਰੇ ਮੂੰਹੋਂ ਨਿਕਲ ਜਾਂਦਾ ਹੈ। ਇਹ ਸਭ ਢੋਂਗ ਹੈ।

✡ ✡

'ਸਰਦਲ' ਵਿਚ ਛੱਪੀ ਹਰ ਰਚਨਾ ਬਾਰੇ ਆਪਣੀ ਰਾਏ ਭੇਜੋ 'ਵਿਚਾਰ ਚਰਚਾ' ਬਾਰੇ ਵਿਸ਼ੇ ਤੇ ਤੁਸੀਂ ਸੰਖੇਪ ਖਤ ਭੇਜੋ, ਸਾਨੂੰ ਛਾਪਣ ਵਿਚ ਖੁਸ਼ੀ ਹੋਵੇਗੀ।

—ਸੰਪਾਦਕ

# ਮੈਂ ਤੇਰੇ ਮਗਰ ਆਇਆ ਹਾਂ

ਕਸ਼ਮੀਰ ਕਾਦਰ

ਤੂੰ ਕੀ ਮੇਰੇ ਮਗਰ ਆਉਣਾ ਹੈ !...?
ਮੈਂ ਤਾਂ ਹੁਣ
ਸਲੀਬ ਤਕ ਜਾਵਣ ਦਾ ਵੀ ਹੈ
ਫੈਸਲਾ ਕੀਤਾ ।
ਹੁਣ ਤਾਂ 'ਖੇਡ'
ਕੁਝ ਹੈ ਇਸ ਤਰ੍ਹਾਂ ਚਲਣੀ
ਕਿ ਤੂੰ ਅੱਗੇ ਤੇ ਮੈਂ ਪਿੱਛੇ...
ਲੈ ਕੇ ਮਘ ਰਹੇ ਗੀਤਾਂ ਨੂੰ
ਤੇਰੇ ਮਗਰ ਹੈ ਮੈਂ
ਉਦੋਂ ਤਕ ਜਾਣਾ
ਤੂੰ ਜਦ ਤਕ ਸੜ ਨਹੀਂ ਜਾਂਦਾ ।
ਅੱਖਰ ਤਾਂ ਉਹੀ ਹਨ
ਹੈ ਬਸ ਤਰਤੀਬ ਦਾ ਅੰਤਰ
ਗੀਤ ਕੱਚੀ ਜੋ ਸਨ
ਤੇਰੇ ਦਿਲ ਦੀ ਬਸ ਗੱਲ
ਉਹ ਤੇਰੇ ਜ਼ਿਹਨ ਲਈ ਅੱਜ ਹਨ
ਕਿ ਜਿਹੜਾ ਟੁਣਕ ਜਾਵੇਗਾ
ਸਮੁੱਚਾ ਹੀ ਤੂੰ ਕੰਬੇਂਗਾ......
ਮੈਨੂੰ ਪਤਾ ਹੈ
ਘਬਰਾ ਕੇ ਤੂੰ
'ਕੋਠੀ' 'ਚ ਜਾ ਛੁਪਣੈਂ !
ਮਗਰ ਕੋਠੀ 'ਚ ਛੁਪਣਾ ਵੀ
ਤੇ ਤੇਰੀ ਮੌਤ ਹੈ ਪਿਆਰੇ !
ਸੂਰਜ ਵਰਗੇ
ਗੀਤ ਸਿਰਜ ਮੈਂ
ਕੰਧਾਂ ਸੰਗ ਚਿਪਕਾ ਦੇਵਾਂਗਾ
ਆਪ ਪਿਘਲਦੀਆਂ ਕੰਧਾਂ
ਤੈਨੂੰ ਓਟ ਦੇਣਗੀਆਂ ਕੀ ?
ਤੂੰ ਵਲ ਸਾਗਰ ਦੇ ਦੌੜੇਂਗਾ
ਮੇਰੇ ਵਿਚ ਦੇਵਤਾਪਨ ਹੈ
ਬੜੀ ਦੇਰ ਤੋਂ ਸਾਊ ਸੀ ਮੈਂ
ਤੂੰ ਵੀ ਜਾਣੇ !
ਮੈਂ ਸਾਗਰ ਰਿੜਕ ਦੇਵਾਂਗਾ
ਤੂੰ ਛੱਲ ਮਿਥਿਹਾਸ ਨੂੰ ਛੱਡ ਲੈ
ਤੇ ਪੜ੍ਹ ਇਤਿਹਾਸ ਅੱਜ ਦਾ ਹੀ
ਕਿ ਹਰ ਅੱਖਰ ਫੌਲਾਦੀ ਹੈ
ਕਿ ਹਰ ਅੱਖਰ ਗੁਲਾਬੀ ਹੈ
ਹਰ ਅੱਖਰ ਸ਼ਰਾਰਾ ਹੈ
ਹਰ ਅੱਖਰ ਅੰਗਾਰਾ ਹੈ
ਤੂੰ ਇਕ ਵਾਰੀ ਤਾਂ ਹੋ ਸਨਮੁੱਖ
ਇਨ੍ਹਾਂ ਅੰਗਿਆਰਿਆਂ ਦੇ
ਕਿ ਤੇਰੀ ਨਜ਼ਰ ਮਿਟ ਜਾਵੇ
ਮੈਂ ਸਿੱਕਾ ਢਾਲ ਸ਼ਬਦਾਂ ਦਾ
ਤੇਰੇ ਕੰਨਾਂ 'ਚ ਪਾਵਾਂਗਾ
ਤੂੰ ਹੁਣ ਬਚ ਨਹੀਂ ਸਕਦਾ !
ਮੈਂ ਤੈਨੂੰ ਕੂਟ ਕੇ ਸ਼ਬਦਾਂ 'ਚ
ਅਰਥਾਂ ਨਾਲ ਮਾਰਾਂਗਾ !!
ਮੈਂ ਤੇਰੇ ਮਗਰ ਆਇਆ ਹਾਂ !!!